[ਆਦਿ ਅੰਗ ੧੩੪]

***ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥ ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥ ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥ ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥***

**ਭਾਦਰੋਂ—**ਭਾਦਰੋਂ ਦਾ ਮਹੀਨਾ ਪਾਵਸ ਭਾਵ ਵਰਖਾ ਰੁੱਤ ਦਾ ਦੂਜਾ ਮਹੀਨਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਭਾਦਰੋਂ ਦੇ ਮਹੀਨੇ ਦੁਆਰਾ ਉਪਦੇਸ਼ ਬਖ਼ਸ਼ਿਸ ਕਰ ਰਹੇ ਹਨ। ਜਿਸ ਪ੍ਰਕਾਰ ਜੀਵ ਨੂੰ ਭਰਮ ਸਤ ਵਸਤੂ ਤੋਂ ਦੂਰ ਲੈ ਜਾਂਦਾ ਹੈ, ਜੀਵ ਭਰਮ ਕਰਕੇ ਭੁਲਦਾ ਹੈ।

## ***ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥***

ਭਾਦਰੋਂ ਦੇ ਮਹੀਨੇ ਦੁਆਰਾ ਇਸ ਸ਼ਬਦ ਵਿੱਚ ਰੂਪਕ ਅਲੰਕਾਰ ਦੁਆਰਾ ਉਪਦੇਸ਼ ਦਿੰਦੇ ਹਨ ਕਿ ਜਿਵੇਂ ਉਹ ਔਰਤ ਜਿਸ ਦਾ ਆਪਣੇ ਪਤੀ ਦੇ ਪ੍ਰੇਮ ਨੂੰ ਛੱਡ ਕੇ ਭਰਮ ਦੇ ਕਾਰਨ ਕਿ ਪਤੀ ਨਾਲੋਂ ਦੂਸਰਾ ਪੁਰਸ਼ ਸੁਖਦਾਇਕ ਹੈ, ਇਸ ਭਰਮ ਦੀ ਭੁਲਾਉਣੀ ਵਿੱਚ ਆ ਕੇ ਦੂਜੇ=ਦੂਸਰੇ ਪੁਰਸ਼ ਨਾਲ ਹੇਤੁ=ਪ੍ਰੇਮ ਲਗਾ=ਲੱਗ ਗਿਆ ਹੈ। ਉਹ ਪਤੀਬ੍ਰਤਾ ਇਸਤਰੀ ਨਹੀਂ ਕਹਾ ਸਕਦੀ, ਬਲਕਿ ਵਿਭਚਾਰਨੀ ਅਖਵਾਏਗੀ।

ਯਥਾ— **ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥**
**ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥** [ਵਾਰ ਸੂਹੀ ਮਹਲਾ ੩, ਅੰਗ ੭੮੫]

## ***ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥***

ਐਸੀਆਂ ਜੋ ਵਿਭਚਾਰੀ ਇਸਤਰੀਆਂ ਹਨ, ਉਹ ਭਾਵੇਂ ਆਪਣੇ ਸਰੀਰ 'ਤੇ ਲੱਖਾਂ ਸ਼ਿੰਗਾਰ ਬਣਾ ਲੈਣ, ਭਾਵ ਕਰ ਲੈਣ ਪਰ ਲਖ=ਜਾਨਣਾ ਕਰੋ ਉਹ ਕੇਤੁ=ਕਿਸੇ ਵੀ ਕੰਮ ਨਹੀਂ ਹਨ। (ਸੁਹੱਪਣ ਦੀ ਸਮੱਗਰੀ ਨੂੰ ਸ਼ਿੰਗਾਰ ਕਹਿੰਦੇ ਹਨ, ਜਿਸ ਨਾਲ ਸਰੀਰ ਦੀ ਸੋਭਾ ਵਧੇ।) ਉਹ ਭਾਵੇਂ ਬਸਤਰ, ਸੋਨੇ ਚਾਂਦੀ ਦੇ ਬਣੇ ਗਹਿਣੇ, ਬੁਲ੍ਹਾਂ 'ਤੇ ਮਲਣ ਵਾਲੇ ਦੰਦਾਸਾ, ਸਰੀਰ 'ਤੇ ਮਲਣ ਵਾਲੇ ਵਟਣਾ ਆਦਿ ਪਦਾਰਥ ਹੋਣ। ਜਦੋਂ ਹਾਰ ਸ਼ਿੰਗਾਰ, ਸੁਹੱਪਣ ਦੀ ਸਮੱਗਰੀ ਵੱਲ ਝਾਤ ਮਰੀਏ ਕਿ ਐਸਾ ਕਿਉਂ ਤੇ ਕਿਵੇਂ ਆਰੰਭ ਹੋਇਆ ਤਾਂ ਇਹ ਗੱਲ ਸਪੱਸ਼ਟ ਨਜ਼ਰ ਆਉਂਦੀ ਹੈ ਕਿ ਅਨਾਦਿ ਕਾਲ ਵਿੱਚ ਜਿਥੋਂ ਇਸ ਦੀ ਆਰੰਭਤਾ ਹੋਈ ਹੈ ਉਸਦੇ ਪਿੱਛੇ ਇੱਕ ਭਾਵਨਾ ਲੁਕੀ ਹੋਈ ਸੀ। ਔਰਤ ਜਾਤੀ ਵਿੱਚ ਜਿਸਦੇ ਕੋਲ ਕੁਦਰਤ ਦੀ ਦਿੱਤੀ ਸੁੰਦਰਤਾ ਨਹੀਂ ਸੀ ਅਤੇ ਪਤੀ ਨੂੰ ਪ੍ਰਵਾਨ ਹੋਣਾ ਚਾਹੁੰਦੀ ਸੀ। ਇਸ ਬੇਵਸੀ ਨੇ ਬਨਾਉਟੀ ਸ਼ਿੰਗਾਰ ਨੂੰ ਜਨਮ ਦਿੱਤਾ, ਕਿਉਂਕਿ ਬਹੁਤ ਸਾਰੇ ਕਾਮੀ ਪੁਰਸ਼ ਸੁੰਦਰ ਸਰੂਪ 'ਤੇ ਮੋਹਿਤ ਹੁੰਦੇ ਹਨ। ਇਸ ਲਈ ਗੁਰਬਾਣੀ ਦਾ ਕਥਨ ਹੈ:

ਯਥਾ— **ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥** [ਵਾਰ ਮਲਾਰ ਮਹਲਾ ੧, ਅੰਗ ੧੨੮੮]

ਸੋ ਕੋਝੇ ਸਰੂਪ ਵਾਲੀਆਂ ਔਰਤਾਂ ਨੇ ਬਨਾਉਟੀ ਸੁੰਦਰਤਾ ਦਾ ਸਹਾਰਾ ਲੈ ਕੇ ਪਤੀਆਂ ਨੂੰ ਪ੍ਰਸੰਨ ਕਰਨਾ ਆਰੰਭ ਕੀਤਾ। ਸ਼ੁਰੂ-ਸ਼ੁਰੂ ਵਿੱਚ ਭਾਵੇਂ ਇਸ ਭਾਵਨਾ ਦਾ ਰੂਪ ਠੀਕ ਨਜ਼ਰ ਆਉਂਦਾ ਹੈ। ਜੇ ਭਾਵਨਾ ਪਤੀ ਨੂੰ ਪ੍ਰਸੰਨ ਕਰਨ ਤਕ ਸੀਮਿਤ ਰਹਿੰਦੀ, ਫਿਰ ਤਾਂ ਇਸ ਵਿੱਚ ਕੋਈ ਬੁਰਾਈ ਨਹੀਂ ਸੀ, ਪਰ ਜਦੋਂ ਇਹ ਸ਼ਿੰਗਾਰ ਕਾਮ ਉਤੇਜਿਤ ਸਮੱਗਰੀ ਲੋਕਾਂ ਲਈ ਪ੍ਰਦਰਸ਼ਨੀ ਬਣੀ ਤਾਂ ਮੰਦ ਵਾਸ਼ਨਾ ਇੱਕ ਅਗਨੀ ਦੀ ਚਿੰਗਾੜੀ ਵਾਂਗ ਸੰਸਾਰ

PDF created with pdfFactory Pro trial version www.pdffactory.com

ਰੂਪ ਹੂੰ ਨੂੰ ਲੱਗ ਗਈ। ਅੰਤ ਇੱਕ ਬਹੁਤ ਵੱਡੀ ਸਮਾਜਿਕ ਬੁਰਾਈ ਸਾਬਤ ਹੋ ਨਿਬੜੀ। ਕਿਉਂਕਿ ਅੱਜ ਵੀਚਾਰ ਕੇ ਵੇਖੀਏ ਕਿ ਕਿਹੜੀ ਔਰਤ ਹੈ, ਜੋ ਪਤੀ ਲਈ ਸ਼ਿੰਗਾਰ ਕਰਦੀ ਹੈ। ਬਲਕਿ ਸ਼ਿੰਗਾਰ ਉਦੋਂ ਕੀਤਾ ਜਾਂਦਾ ਹੈ, ਜਦੋਂ ਘਰ ਛੱਡ ਕੇ ਕਿਤੇ ਬਾਹਰ ਵਿਆਹ-ਸ਼ਾਦੀਆਂ, ਮੇਲੇ ਆਦਿ ਉੱਤੇ ਜਾਣਾ ਹੋਵੇ। ਇਸ ਦਾ ਭਾਵ ਸਪੱਸ਼ਟ ਹੈ ਕਿ ਇਹ ਸ਼ਿੰਗਾਰ ਹੋਰਾਂ ਲੋਕਾਂ ਨੂੰ ਆਪਣੇ ਉੱਤੇ ਮੋਹਿਤ ਕਰਨ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੈ। ਪਰ ਗੁਰਮਤਿ ਵਿੱਚ ਬਨਾਉਟੀ ਗੱਲ ਨੂੰ ਕਿਤੇ ਵੀ ਕੋਈ ਥਾਂ ਨਹੀਂ ਹੈ। ਭਾਵੇਂ ਬਨਾਵਟ ਛੋਟੀ ਜਾਂ ਵੱਡੀ ਹੋਵੇ। ਸੋ ਸੰਸਾਰਕ ਪੱਖ ਵਿੱਚ ਵੀ ਸਤਿਗੁਰੂ ਜੀ ਨੇ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਉਪਦੇਸ਼ ਦਿੱਤਾ। ਤਾਂ ਕਿ ਲੋਕਾਂ ਦਾ ਖਾਣਾ ਅਤੇ ਪਹਿਨਣਾ ਸਾਦਗੀ ਵਾਲਾ ਹੋਵੇ ਤਾਂ ਕਿ ਮਨੁੱਖੀ ਮਨ ਇੱਕ ਸਰਲ ਭਾਵਨਾ ਵਿੱਚ ਰਹੇ। ਜਿਥੇ ਬਨਾਉਟੀ ਸ਼ਿੰਗਾਰ ਦੂਜੇ ਪੁਰਖ ਨਾਲ ਹਿਤ ਕਰਨ ਦਾ ਕਾਰਨ ਬਣਿਆ ਹੈ ਅਤੇ ਸਮਾਜ ਵਿੱਚ ਬਹੁਤ ਵੱਡਾ ਨਿੰਦਤ ਕਰਮ ਸਾਬਤ ਹੋਇਆ ਹੈ। ਉਥੇ ਉਸ ਨੂੰ ਲੋਕ ਪ੍ਰਲੋਕ ਵਿੱਚ ਅਪਜਸ, ਨਿੰਦਿਆ ਦਾ ਅਤੇ ਹੋਰ ਵੀ ਸਜਾਵਾਂ ਦਾ ਦੁਖ ਸਹਾਰਨਾ ਪੈਂਦਾ ਹੈ।

ਯਥਾ— **ਆਗੈ ਨਰਕੁ ਈਹਾ ਭੋਗ ਬਿਲਾਸ॥** [ਗੋਂਡ ਕਬੀਰ ਜੀ, ਅੰਗ ੮੭੧]

ਐਸੇ ਬਨਾਉਟੀ ਸ਼ਿੰਗਾਰ ਨੂੰ ਸਤਿਗੁਰੂ ਜੀ ਖੰਡਨ ਕਰਦੇ ਹੋਏ ਫ਼ੁਰਮਾਨ ਕਰਦੇ ਹਨ ਕਿ ਪਤੀ ਤੋਂ ਬਿਨਾਂ ਇਸ ਸ਼ਿੰਗਾਰ ਦਾ ਅਰਥ ਹੀ ਕੀ ਹੈ।

ਯਥਾ— **ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥**
**ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥**
**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥**
**ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ॥** [ਫੁਨਹੇ ਮਹਲਾ ੫, ਅੰਗ ੧੩੬੧]

ਇਹ ਲਾਉਣ ਪਾਉਣ ਵਾਲੇ ਨਕਲੀ ਸ਼ਿੰਗਾਰ ਤੋਂ ਵਿਵਰਜਿਤ ਕਰਕੇ ਸਮਾਜ ਵਿੱਚ ਸ੍ਰੇਸ਼ਟ ਗੁਣਾਂ ਦਾ ਪ੍ਰਭਾਵ ਪੈਦਾ ਕਰਨ ਲਈ ਅਤੇ ਨਾਲ ਮਰਦ ਜਾਤੀ ਨੂੰ ਵੀ ਇਹ ਉਪਦੇਸ਼ ਬਖ਼ਸ਼ਿਆ ਕਿ ਅਸਲੀ ਸ਼ਿੰਗਾਰ ਸ਼ੁਭ ਗੁਣਾਂ ਦਾ ਹੁੰਦਾ ਹੈ। ਜਿਸ ਔਰਤ ਕੋਲ ਸ਼ੁਭ ਗੁਣ ਹਨ, ਉਨ੍ਹਾਂ ਗੁਣਾਂ ਦੀ ਕਦਰ ਕਰਨੀ ਸਿਖੋ। ਚਿਹਰੇ ਦਾ ਸੁੰਦਰ ਹੋਣਾ ਵੀ ਭਾਵੇਂ ਸੁੰਦਰਤਾ ਹੈ, ਪਰ ਜੇ ਸੁੰਦਰ ਚਿਹਰੇ ਵਿੱਚ ਬੁਰਾ ਸੁਭਾਅ ਲੁਕਿਆ ਬੈਠਾ ਹੋਵੇ ਤਾਂ ਉਹ ਸੁਭਾਅ ਸੁੰਦਰ ਚਿਹਰੇ ਲਈ ਇੱਕ ਅਪਜਸ ਦਾ ਕਾਰਨ ਬਣ ਜਾਂਦਾ ਹੈ। ਇਸ ਲਈ ਸੁਭਾਅ ਵਿੱਚ ਸੁੰਦਰਤਾ ਪੈਦਾ ਕਰਨ ਵਾਸਤੇ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਔਰਤ ਕੋਲ ਸੱਤ, ਸੰਤੋਖ, ਦਇਆ, ਧਰਮ ਆਦਿ ਦਾ ਸ਼ਿੰਗਾਰ ਹੋਵੇ, ਉਸ ਔਰਤ ਦਾ ਸੁਹਾਗਵੰਤੀ ਹੋਣਾ ਸਫਲਤਾ ਦੇ ਸਹਿਤ ਹੈ। ਉਹ ਆਪਣੇ ਸੰਸਾਰੀ ਪਤੀ ਨੂੰ ਤਾਂ ਕੀ ਤਿੰਨਾਂ ਲੋਕਾਂ ਦੇ ਪਤੀ ਪ੍ਰਮਾਤਮਾ ਨੂੰ ਭਾ ਜਾਵੇਗੀ।

ਯਥਾ— ੧. **ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ॥**
**ਸਫਲ ਸੋਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ॥** [ਬਿਲਾਵਲੁ ਮਹਲਾ ੫, ਅੰਗ ੮੧੨]

੨. **ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥**
**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥੧॥**
**ਲਾਲ ਬਹੁ ਗੁਣਿ ਕਾਮਣਿ ਮੋਹੀ॥ ਤੇਰੇ ਗੁਣ ਹੋਹਿ ਨ ਅਵਰੀ॥੧॥ਰਹਾਉ॥**
**ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥**
**ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥੨॥**
**ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥**
**ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ॥੩॥**

PDF created with pdfFactory Pro trial version www.pdffactory.com

**ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥**
**ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥੪॥੧॥੩੫॥**

[ਆਸਾ ਮਹਲਾ ੧, ਅੰਗ ੩੫੯]

ਪਤੀ ਨੂੰ ਅਧੀਨ (ਵਸ) ਕਰਨ ਦੀ ਇੱਛਾ ਹਰ ਇੱਕ ਔਰਤ ਵਿੱਚ ਬਣੀ ਰਹਿੰਦੀ ਹੈ। ਜਦੋਂ ਵਸ ਕਰਨ ਦੇ ਤਰੀਕੇ ਗ਼ਲਤ ਹੋ ਜਾਣ ਤਾਂ ਧਾਰਮਿਕ ਤੇ ਸਮਾਜਿਕ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਵਸਦੇ ਘਰ ਉਜੜ ਜਾਂਦੇ ਹਨ। ਪਤੀ ਨੂੰ ਵਸ ਕਰਨ ਦੀ ਜੁਗਤੀ ਬਾਬਾ ਫ਼ਰੀਦ ਜੀ ਬਹੁਤ ਸੁੰਦਰ ਦਸਦੇ ਹਨ। ਜਿਸ ਔਰਤ ਕੋਲ ਨਿਮਰਤਾ ਭਾਵ ਦਾ ਗੁਣ, ਦੂਸਰੇ ਦੇ ਕੌੜੇ ਬਚਨਾਂ ਨੂੰ ਸਹਾਰਨ ਦਾ ਗੁਣ ਹੈ ਤੇ ਤੀਸਰਾ ਜਿਹਵਾ ਤੋਂ ਮੋਹਣੀ ਮੰਤ੍ਰ ਵਾਂਗੂੰ ਅਸਰ ਕਰਨ ਵਾਲਾ ਮਿਠੇ ਵਚਨਾਂ ਨਾਲ ਮਿਠਾਸ ਭਾਵਨਾ ਵਾਲਾ ਗੁਣ ਹੈ ਐਸੇ ਗੁਣਾਂ ਦਾ ਲਿਵਾਸ ਪਹਿਨਣ ਨਾਲ ਜਿਥੇ ਸੰਸਾਰਕ ਪਤੀ ਵਸ ਹੁੰਦਾ ਹੈ, ਉਥੇ ਤਿੰਨੇ ਲੋਕਾਂ ਦਾ ਪਤੀ ਪ੍ਰਮੇਸ਼ਰ ਵੀ ਵਸ ਆ ਜਾਂਦਾ ਹੈ।

ਯਥਾ— **ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥** [ਸਲੋਕ ਫਰੀਦ ਜੀ, ਅੰਗ ੧੩੮੪]

## *ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*

ਅੰਤਰੀਵ ਭਾਵ ਵਿੱਚ ਮਨੁੱਖਾ ਸਰੀਰ ਰੂਪ ਭਾਦਰੋਂ ਦਾ ਮਹੀਨਾ ਹੈ। ਇਸ ਵਿੱਚ ਜਿਨ੍ਹਾਂ ਜੀਵ ਰੂਪ ਇਸਤਰੀਆਂ ਨੂੰ ਭਾਦੁਇ=ਭਾ+ਦੁਇ=ਦ੍ਵੈਤ ਭਾਵਨਾ ਦਾ ਭਾ=ਪ੍ਰਕਾਸ਼ ਹੋ ਰਿਹਾ ਹੈ। ਵਾ—ਦ੍ਵੈਤ ਭਾਵਨਾ ਜਿਨ੍ਹਾਂ ਨੂੰ ਭਾ ਗਈ ਹੈ, ਭਾਵ ਚੰਗੀ ਲੱਗੀ ਹੈ, ਉਹ ਭਰਮ ਵਿੱਚ ਭੁਲਾਣੀਆ=ਭੁਲ ਗਈਆਂ ਹਨ। ਭਰਮ ਉਸਨੂੰ ਕਹਿੰਦੇ ਹਨ, ਜੋ ਅਸਲੀਅਤ ਤੋਂ ਉਲਟ ਹੋਵੇ, ਜਿਹੋ ਜਿਹਾ ਵਸਤੂ ਦਾ ਸਰੂਪ ਮੰਨੀਏ, ਉਸ ਤਰ੍ਹਾਂ ਦਾ ਨਾ ਹੋਵੇ :

ਯਥਾ— **ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਜੈਸਾ ਮਾਨੀਐ ਹੋਇ ਨ ਤੈਸਾ॥੧॥ਰਹਾਉ॥**
**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥**

[ਸੋਰਠਿ ਰਵਿਦਾਸ ਜੀ, ਅੰਗ ੬੫੭]

ਸੋ, ਇਸੇ ਭਰਮ ਨੇ ਮਨੁੱਖ ਤੋਂ ਬਿਨਾਂ ਹੋਰ ਜੀਵਾਂ 'ਤੇ ਵੀ ਆਪਣਾ ਅਸਰ ਕੀਤਾ ਹੈ, ਜਿਨ੍ਹਾਂ ਵਿੱਚੋਂ ਮਿਰਗ ਦਾ ਪ੍ਰਮਾਣ ਪ੍ਰਸਿੱਧ ਹੈ।

ਯਥਾ— **ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥**

[ਵਾਰ ਸੋਰਠਿ ਮਃ ੩, ਅੰਗ ੬੪੪]

ਇਸ ਭਰਮ ਦੇ ਕਾਰਨ ਜੋ ਵਸਤੂ ਖੁਦ ਮਿਰਗ ਦੇ ਕੋਲ ਹੈ, ਉਸ ਕਸਤੂਰੀ ਰੂਪ ਵਸਤੂ ਨੂੰ ਪ੍ਰਾਪਤ ਕਰਨ ਵਾਸਤੇ ਝਾੜਾਂ ਵਿੱਚ ਲੱਭਦਾ ਫਿਰਦਾ ਹੈ।

ਯਥਾ— **ਜੈਸੇ ਕੁਰੰਕ ਨਹੀ ਪਾਇਓ ਭੇਦੁ॥ ਤਨਿ ਸੁਗੰਧਿ ਢੂਢੈ ਪ੍ਰਦੇਸੁ॥**

[ਬਸੰਤ ਰਵਿਦਾਸ ਜੀ, ਅੰਗ ੧੧੯੬]

ਧਰਮ ਸ਼ਾਸ਼ਤ੍ਰਾਂ ਵਿੱਚ ਪੰਜ ਪ੍ਰਕਾਰ ਦਾ ਭਰਮ ਮੰਨਿਆ ਹੈ :

ਯਥਾ— **ਭੇਦ ਭਰਮ ਕਰਤੱਤ੍ਰ ਭਰਮ ਪੁਨ ਸੰਗਿ ਭਰਮ ਵਿਕਾਰ॥**
**ਬ੍ਰਹਮ ਇਤ੍ਰ ਜਗ ਸਤ ਹੈ ਪਾਂਚੋ ਭਰਮ ਸੰਸਾਰ॥**

ਇਸੇ ਭਰਮ ਨੇ ਵੱਡਿਆਂ-ਵੱਡਿਆਂ ਨੂੰ ਭੁਲਾਇਆ ਹੈ, ਜੈਸਾ ਕਿ

PDF created with pdfFactory Pro trial version www.pdffactory.com

**ਸਾਖੀ ਰਾਜੇ ਜਨਕ ਦੀ**—ਮਿਥਲਾਪੁਰੀ ਦਾ ਰਾਜਾ ਜਨਕ ਆਪਣੇ ਸਰਦ ਖ਼ਾਨਿਆਂ ਵਿੱਚ ਆਰਾਮ ਨਾਲ ਸੌਂ ਰਿਹਾ ਸੀ। ਉਸ ਨੂੰ ਸੁਪਨਾ ਆਇਆ ਕਿ ਕੋਈ ਦੂਜਾ ਰਾਜਾ ਮੇਰੇ ਰਾਜ 'ਤੇ ਚੜ੍ਹ ਕੇ ਆ ਗਿਆ ਹੈ। ਸੁਪਨੇ ਵਿੱਚ ਹੀ ਵੈਰੀ ਰਾਜੇ ਨੇ ਰਾਜੇ ਜਨਕ ਨੂੰ ਜਿੱਤ ਲਿਆ। ਰਾਜ ਕਾਜ ਆਪਣੇ ਕਬਜ਼ੇ ਵਿੱਚ ਕਰਕੇ ਇਸ ਨੂੰ ਸਜ਼ਾ ਦਿੱਤੀ। ਸਾਰੀ ਪਰਜਾ ਦੇ ਲੋਕਾਂ ਤੋਂ ਨਿਰਾਦਰ ਕਰਵਾਇਆ, ਤੱਤੇ ਰੇਤੇ ਉੱਤੇ ਘਸੀਟਿਆ, ਫਿਰ ਇਸ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਥੱਕਿਆ, ਟੁੱਟਿਆ ਭੁੱਖ ਦਾ ਸਤਾਇਆ ਹੋਇਆ ਹਰਿਦੁਆਰ ਪਹੁੰਚਿਆ। ਇੱਕ ਛੇਤਰ ਵਿੱਚ ਗਿਆ ਤਾਂ ਭੰਡਾਰੀ ਨੇ ਕਿਹਾ ਕਿ ਕੋਈ ਭਾਂਡਾਂ ਲੈ ਕੇ ਆ। ਉਸ ਛੇਤਰ ਵਿੱਚ ਖਿਚੜੀ ਵਰਤ ਰਹੀ ਸੀ, ਪਰ ਇਸ ਕੋਲ ਕੋਈ ਪੈਸਾ ਨਹੀਂ ਸੀ। ਜਿਸਦਾ ਕੋਈ ਬਰਤਨ ਖ਼ਰੀਦ ਸਕਦਾ। ਇਸ ਨੇ ਮੰਗ ਮੰਗ ਕੇ ਦੋ ਪੈਸੇ ਪ੍ਰਾਪਤ ਕੀਤੇ। ਫੇਰ ਦੋ ਪੈਸੇ ਦਾ ਘੁਮਿਆਰ ਬਰਤਨ ਨਾ ਦੇਵੇ। ਅਖ਼ੀਰ ਇੱਕ ਬਰਤਨ ਨਿਕੰਮਾ ਜਾਣ ਕੇ ਦੇ ਦਿੱਤਾ। ਜਦੋਂ ਬਰਤਨ ਲੈ ਕੇ ਛੇਤਰ ਵਿੱਚ ਗਿਆ ਤਾਂ ਅੱਗੇ ਖਿਚੜੀ ਵਰਤ ਚੁੱਕੀ ਸੀ। ਰਾਜਾ ਕੁਰਲਾਇਆ ਕਿ ਮੈਂ ਬਹੁਤ ਭੁੱਖਾ ਹਾਂ। ਲਾਂਗਰੀ ਨੇ ਤਰਸ ਕਰ ਕੇ ਕੁਝ ਖਿਚੜੀ ਬਰਤਨਾਂ ਨਾਲੋਂ ਖੁਰਚ ਕੇ ਦਿੱਤੀ ਤੇ ਚਮਚਾ ਘਿਓ ਦਾ ਪਾਇਆ। ਜਦੋਂ ਛੇਤਰ ਤੋਂ ਦੂਰ ਬੈਠ ਕੇ ਖਾਣ ਲੱਗਾ ਤਾਂ ਝੋਟੇ ਭਿੜਦੇ ਹੋਏ ਇਸ ਦੇ ਉੱਤੇ ਆ ਚੜ੍ਹੇ। ਉਨ੍ਹਾਂ ਝੋਟਿਆਂ ਦੀ ਫੇਟ ਵਿੱਚ ਖਿਚੜੀ ਕਿਤੇ ਅਤੇ ਰਾਜਾ ਕਿਤੇ, ਬਰਤਨ ਟੁੱਟ ਕੇ ਖਿਚੜੀ ਰੇਤ ਵਿੱਚ ਮਿਲ ਗਈ। ਘਬਰਾਏ ਹੋਏ ਰਾਜੇ ਚੀਕ ਨਿਕਲ ਗਈ। ਉਸੇ ਚੀਕ ਦੇ ਨਾਲ ਰਾਜੇ ਦੀ ਜਾਗ ਖੁਲ੍ਹ ਗਈ। ਐਸਾ ਭਰਮ ਦਾ ਚੱਕਰ ਆਇਆ ਕਿ ਰਾਜੇ ਨੂੰ ਇਹ ਪਤਾ ਨਾ ਲੱਗੇ ਕਿ ਮੈਨੂੰ ਹੁਣ ਸੁਪਨਾ ਸ਼ੁਰੂ ਹੋਇਆ ਹੈ ਜਾਂ ਭਿਖਾਰੀ ਬਣਨ ਦਾ ਸੁਪਨਾ ਹੈ। ਨਿਰਣਾ ਨਾ ਹੋਵੇ ਕਿ ਦੋਵੇਂ ਵਿੱਚੋਂ ਸੱਚਾ ਕਿਹੜਾ ਹੈ। ਸਵੇਰੇ ਸਿੰਘਾਸਨਿ 'ਤੇ ਬੈਠਦਿਆਂ ਵਿਦਵਾਨ, ਰਿਸ਼ੀ ਮੁਨੀ ਬੁਲਾ ਕੇ ਪ੍ਰਸ਼ਨ ਕੀਤਾ ਕਿ ਯੇ ਸੱਚਾ ਕਿ ਵੋ ਸੱਚਾ। ਬਸ ਇਤਨਾ ਸ਼ਬਦ ਕਹੇ ਤੇ ਆਪਣਾ ਸੁਪਨਾ ਨਾ ਦੱਸੇ। ਹਰ ਵਿਦਵਾਨ ਤੋਂ ਇਹੀ ਪੁਛੇ ਤੇ ਉਤਰ ਨਾ ਮਿਲਣ 'ਤੇ ਅਨੇਕਾਂ ਵਿਦਵਾਨ ਰਿਸ਼ੀ ਮੁਨੀ ਕੈਦ ਕਰ ਦਿੱਤੇ। ਉਨ੍ਹਾਂ ਵਿੱਚ ਅਸ਼ਟਾਬਕਰ ਦਾ ਪਿਤਾ ਕੋਹਲ ਰਿਸ਼ੀ ਵੀ ਕੈਦ ਹੋਇਆ, ਅਸ਼ਟਾਬਕਰ ਨਾਨਕੇ ਪਲਦਾ ਸੀ। ਬੱਚਿਆਂ ਦੇ ਮਖੌਲ ਕਰਨ ਤੋਂ ਇੱਕ ਸਿਆਣੇ ਬੱਚੇ ਦੇ ਮੂੰਹੋਂ ਨਿਕਲਿਆ ਕਿ ਇਸ ਵਿਚਾਰੇ ਨੂੰ ਨਾ ਸਤਾਵੋ ਇਸਦਾ ਪਿਤਾ ਤਾਂ ਪਹਿਲਾ ਹੀ ਇਸ ਤੋਂ ਦੂਰ ਹੋਇਆ ਹੈ। ਇਸ ਤੋਂ ਅਸ਼ਟਾਬਕਰ ਦੇ ਮਨ ਵਿੱਚ ਪਿਤਾ ਨੂੰ ਬੰਧਨ ਮੁਕਤ ਕਰਵਾਉਣ ਦੀ ਇੱਛਾ ਪੈਦਾ ਹੋਈ। ਮਾਤਾ ਦੇ ਮਨ੍ਹਾ ਕਰਨ 'ਤੇ ਵੀ ਨਹੀਂ ਰੁਕੇ। ਆਪਣੇ ਆਤਮਿਕ ਗਿਆਨ ਤੇ ਵਿਸ਼ਵਾਸ ਕਰਦੇ ਹੋਏ ਨੇ ਕਿਹਾ ਕਿ ਤੂੰ ਇਹ ਸੰਸਾ ਨਾ ਕਰ ਕਿ ਰਾਜਾ ਮੈਨੂੰ ਵੀ ਕੈਦ ਕਰ ਲਵੇਗਾ। ਆਪਣੇ ਮਾਮੇ ਸ਼ਵੇਤ ਕੇਤੂ ਨਾਲ ਅਸ਼ਟਾਬਕਰ ਮਿਥਲਾਪੁਰੀ ਨੂੰ ਚੱਲ ਪਿਆ। ਜਦੋਂ ਰਾਜੇ ਦੇ ਦਵਾਰੇ 'ਤੇ ਪਹੁੰਚੇ ਤਾਂ ਪਹਿਰੇਦਾਰ ਨੇ ਰੋਕ ਲਿਆ ਤੇ ਪੁੱਛਿਆ ਕਿ ਕਿਥੇ ਜਾਣਾ ਹੈ ? ਅਸ਼ਟਾਬਕਰ ਕਹਿਣ ਲੱਗਾ ਕਿ ਰਾਜੇ ਨੂੰ ਗਿਆਨ ਕਰਾਉਣਾ ਹੈ। ਰਾਜੇ ਨੇ ਵਿਦਵਾਨਾਂ ਦੀ ਸਭਾ ਵਿੱਚ ਇਸਨੂੰ ਅੰਦਰ ਸੱਦਿਆ। ਸਭਾ ਵਿੱਚ ਅਸ਼ਟਾਬਕਰ ਜੀ ਪਹੁੰਚੇ, ਇਨ੍ਹਾਂ ਦੇ ਸਰੀਰ ਵਿੱਚ ਅੱਠ ਵਲ ਪੈਂਦੇ ਸਨ, ਜਿਨ੍ਹਾਂ ਕਰਕੇ ਇਨ੍ਹਾਂ ਦਾ ਇਹ ਨਾਮ ਪ੍ਰਸਿੱਧ ਹੋਇਆ। ਅਸਟਾ=ਅੱਠ ਬਕਰ=ਵਲ, ਅੱਠ ਵਲਾਂ ਵਾਲਾ। ਇਸਦੇ ਐਸੇ ਸਰੀਰ ਨੂੰ ਦੇਖ ਕੇ ਸਭ ਰਿਸ਼ੀ ਮੁਨੀ ਵਿਦਵਾਨ ਹੱਸ ਪਏ। ਆਪਣੇ ਆਸਨ 'ਤੇ ਬੈਠ ਕੇ ਰਾਜੇ ਨੂੰ ਪੁੱਛਿਆ ਕਿ ਇਹ ਸਭਾ ਕਿਸ ਦੀ ਹੈ ? ਤਾਂ ਰਾਜਾ ਕਹਿਣ ਲੱਗਾ ਕਿ ਇਹ ਵਿਦਵਾਨਾਂ ਦੀ ਸਭਾ ਹੈ। ਅਸ਼ਟਾਬਕਰ ਜੀ ਕਹਿਣ ਲੱਗੇ ਕਿ ਇਹ ਵਿਦਵਾਨਾਂ ਦੀ ਨਹੀਂ ਚਮਾਰਾਂ ਦੀ ਸਭਾ ਹੈ, ਕਿਉਂਕਿ ਇਨ੍ਹਾਂ ਨੇ ਮੇਰੇ ਚੰਮ ਦੀ ਪਰਖ ਕੀਤੀ ਹੈ। ਇਸ ਨੂੰ ਸੁਣ ਕੇ ਸਾਰੇ ਹੈਰਾਨ ਰਹਿ ਗਏ ਕਿ ਇਹ ਛੋਟੀ ਉਮਰ ਦਾ ਕੈਸਾ ਬੁੱਧੀਵਾਨ ਬਾਲਕ ਰਿਸ਼ੀ ਹੈ। ਸਾਰੇ ਇਕਾਗਰ ਮਨ ਹੋ ਕੇ ਅਸ਼ਟਾਬਕਰ ਦੀ ਗੱਲ ਸੁਨਣ ਲੱਗੇ। ਅਸ਼ਟਾਬਕਰ ਜੀ ਨੇ ਮਹਾਰਾਜੇ ਜਨਕ ਨੂੰ ਪ੍ਰਸ਼ਨ ਕਰਨ ਦੀ ਆਗਿਆ ਦਿੱਤੀ। ਉਸਨੇ ਪਿਛਲੇ ਰਟਨ ਦੀ ਤਰ੍ਹਾਂ 'ਯੇ ਸਚ ਕਿ ਵੋ ਸਚ' ਦਾ ਵਚਨ ਬੋਲਿਆ। ਗੁਪਤ ਰੀਤ ਦੇ ਪ੍ਰਸ਼ਨ ਦਾ ਉਪਰ ਗੁਪਤ ਰੀਤ ਨਾਲ ਦਿੰਦੇ ਹੋਏ ਅਸ਼ਟਾਬਕਰ ਜੀ ਨੇ ਕਿਹਾ ਕਿ ਨਾ ਯੇ ਸਚ ਨਾ ਵੋ ਸਚ। ਜਨਕ ਨੇ ਕਿਹਾ ਕਿ ਮਹਾਰਾਜ ! ਮੈਂ ਸਮਝਿਆ ਨਹੀਂ। ਤਾਂ ਅਸ਼ਟਾਬਕਰ ਜੀ ਨੇ ਕਿਹਾ ਕਿ ਹੇ ਰਾਜਨ ! ਤੂੰ ਲੱਜਾ ਦੇ ਕਾਰਨ ਵਿਦਵਾਨਾਂ ਦੇ ਕੋਲੋਂ ਛੁਪਾ ਕੇ ਪ੍ਰਸ਼ਨ ਕਰਦਾ ਰਿਹਾ, ਜਿਸ ਕਾਰਨ ਕੋਈ ਵਿਦਵਾਨ ਉੱਤਰ ਨਹੀਂ ਦੇ ਸਕਿਆ। ਵਰਨਾਂ ਤੇਰੀ ਇਸ ਸਭਾ ਵਿੱਚ ਉਪਸਥਿਤ ਹਰ ਇੱਕ ਵਿਦਵਾਨ

PDF created with pdfFactory Pro trial version www.pdffactory.com

ਤੇਰੇ ਪ੍ਰਸ਼ਨ ਦਾ ਉੱਤਰ ਦੇਣ ਨੂੰ ਸਮਰੱਥ ਹੈ। ਕਸੂਰ ਤੇਰਾ ਤੇ ਕੈਦ ਵਿਦਵਾਨਾਂ ਨੂੰ ਕੀਤਾ। ਇਸ ਦਾ ਪਾਪ ਵੀ ਤੇਰੇ ਜ਼ਿੰਮੇ ਹੈ, ਜਿਸਦਾ ਤੈਨੂੰ ਪ੍ਰਾਸ਼ਚਿਤ ਕਰਨਾ ਪਵੇਗਾ। ਰਹੀ ਗੱਲ ਤੇਰੇ ਪ੍ਰਸ਼ਨ ਦੇ ਉੱਤਰ ਦੀ, ਜੇ ਤੂੰ ਆਪਣਾ ਪ੍ਰਸ਼ਨ ਪ੍ਰਗਟ ਨਹੀਂ ਕੀਤਾ ਤਾਂ ਮੈਂ ਤੇਰੇ ਗੁਪਤ ਪ੍ਰਸ਼ਨ ਨੂੰ ਸਾਰੇ ਵਿਦਵਾਨਾਂ ਵਿੱਚ ਪ੍ਰਗਟ ਕਰਦਾ ਹਾਂ। ਹੇ ਵਿਦਵਾਨੋਂ, ਰਿਸ਼ੀਓ! ਰਾਜੇ ਨੂੰ ਅੱਜ ਤੋਂ ਅੱਠ ਵਰ੍ਹੇ ਪਹਿਲਾਂ ਇੱਕ ਭਿਆਨਕ ਸੁਪਨਾ ਆਇਆ ਸੀ। ਉਸ ਸੁਪਨੇ ਦੀ ਸਾਰੀ ਵਾਰਤਾ ਅਸ਼ਟਾਬਕਰ ਜੀ ਨੇ ਕਹਿ ਸੁਣਾਈ। ਜਿਸ ਨੂੰ ਸੁਣ ਕੇ ਰਾਜਾ ਅਸਚਰਜ ਰਹਿ ਗਿਆ ਕਿ ਰਿਸ਼ੀ ਪੁੱਤਰ ਕਿਤਨਾ ਅੰਤਰਜਾਮੀ, ਗਿਆਨਵਾਨ ਹੈ। ਅਸ਼ਟਾਬਕਰ ਜੀ ਨੇ ਦੱਸਿਆ ਕਿ ਰਾਜਾ ਨੂੰ ਉਦੋਂ ਦਾ ਜਾਗ੍ਰਤ ਵਿੱਚ ਸੁਪਨ ਦਾ ਭਰਮ ਪਿਆ ਹੋਇਆ ਹੈ। ਰਾਜਾ ਸੱਚ ਦੀ ਤਲਾਸ਼ ਵਿੱਚ ਹੈ ਕਿ ਦੋਹਾਂ ਵਿੱਚ ਸੱਚ ਕੀ ਹੈ ? ਜਿਸ ਦਾ ਮੈਂ ਯਥਾਰਥ ਉੱਤਰ ਇਹ ਦਿੱਤਾ ਹੈ ਕਿ ਨਾ ਯੇ ਸਚ ਨਾ ਵੋ ਸਚ। ਇਸ ਸਿਧਾਂਤ ਨੂੰ ਗੁਰਬਾਣੀ ਵਿੱਚ ਵੀ ਦਰਸਾਇਆ ਹੈ :

ਯਥਾ— **ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥**
**ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥** [ਬਿਲਾਵਲੁ ਮਹਲਾ ੫, ਅੰਗ ੮੦੮]

ਸੋ, ਵਾਸਤਵ ਵਿੱਚ ਜਾਗ੍ਰਤ ਸੁਪਨ ਦੋਨੋਂ ਹੀ ਨਾਸਵਾਨ ਹਨ। ਜਿਸ ਤਰ੍ਹਾਂ ਜਾਗ੍ਰਤ ਵਿੱਚ ਸੁਪਨ ਦੇ ਸੰਬੰਧੀਆਂ ਦਾ ਅਭਾਵ ਹੈ। ਸੁਪਨ ਵਿੱਚ ਜਾਗ੍ਰਤ ਦੇ ਸੰਬੰਧੀਆਂ ਅਤੇ ਪਦਾਰਥਾਂ ਦਾ ਅਭਾਵ ਹੈ। ਇੱਕ ਅਵਸਥਾ ਦੂਜੀ ਅਵਸਥਾ ਨੂੰ ਮਿਥਿਆ ਸਿੱਧ ਕਰਦੀ ਹੈ। ਸੁਖੋਪਤੀ ਵਿੱਚ ਦੋਵੇਂ ਮਿਥਿਆ ਸਿੱਧ ਹੋ ਜਾਂਦੀਆਂ ਹਨ। ਤੁਰੀਆ ਅਵਸਥਾ ਵਿੱਚ ਜਾਗ੍ਰਤ, ਸੁਪਨ, ਸੁਖੋਪਤੀ ਤਿੰਨੇ ਮਿਥਿਆ ਸਿੱਧ ਹੋ ਜਾਂਦੀਆਂ ਹਨ। ਸੋ, ਮਹਾਰਾਜੇ ਜਨਕ ਨੂੰ ਤੁਰੀਆ ਪਦ ਵਿੱਚ ਲਿਜਾਣ ਵਾਸਤੇ ਇੱਕ ਬੜੀ ਸਾਧਾਰਨ ਜਿਹੀ ਉਦਾਹਰਣ ਦੇ ਕੇ ਦੋਨਾਂ ਦੀ ਅਵਸਥਾ ਨੂੰ ਮਿਥਿਆ ਸਿੱਧ ਕੀਤਾ। ਅਸ਼ਟਾਬਕਰ ਕਹਿਣ ਲੱਗੇ ਕਿ ਹੇ ਰਾਜਨ! ਮੈਨੂੰ ਇੱਕ ਪ੍ਰਸ਼ਨ ਦਾ ਉੱਤਰ ਦੇਣਾ ਕਰ ਕਿ ਦੋ ਮਨੁੱਖ ਸਨ ਦੋਹਾਂ ਦੀ ਖ਼ੁਰਾਕ ਸੇਰ ਸੱਤੂ ਹਰ ਰੋਜ਼ ਦੀ ਸੀ। ਇੱਕ ਕੋਲ ਸੇਰ ਸੱਤੂ ਸਨ ਅਤੇ ਦੂਜੇ ਕੋਲ ਚਾਲੀ ਸੇਰ। ਹੁਣ ਇਹ ਦੱਸ ਕਿ ਕਿਸ ਦੇ ਸੱਤੂ ਮੁੱਕੇ ਅਤੇ ਕਿਸ ਦੇ ਨਹੀਂ ਮੁੱਕੇ ? ਤਾਂ ਮਹਾਰਾਜ ਜਨਕ ਨੇ ਉੱਤਰ ਦਿੱਤਾ ਕਿ ਮਹਾਰਾਜ ਇਹ ਤਾਂ ਸਿੱਧੀ ਜਿਹੀ ਗੱਲ ਹੈ ਕਿ ਸੱਤੂ ਦੋਨਾਂ ਦੇ ਹੀ ਮੁੱਕੇ ਸਿਰਫ਼ ਫ਼ਰਕ ਇਨਤਾ ਕੁ ਹੈ ਕਿ ਸੇਰ ਸੱਤੂ ਵਾਲੇ ਦੇ ਇੱਕ ਦਿਨ ਵਿੱਚ ਹੀ ਮੁੱਕ ਗਏ ਅਤੇ ਚਾਲੀ ਸੇਰ ਵਾਲੇ ਦੇ ਚਾਲੀਵੇਂ ਦਿਨ। ਇੱਕ ਦਿਨ ਅਤੇ ਚਾਲੀ ਦਿਨ ਦਾ ਸਿਰਫ਼ ਸਮੇਂ ਦਾ ਭੇਦ ਹੈ, ਜਿਥੋਂ ਤੱਕ ਸੱਤੂਆਂ ਦੇ ਖ਼ਤਮ ਹੋਣ ਦੀ ਗੱਲ ਹੈ ਖ਼ਤਮ ਦੋਨਾਂ ਦੇ ਹੀ ਹੋ ਗਏ। ਤਾਂ ਅਸ਼ਟਾਬਕਰ ਜੀ ਨੇ ਕਿਹਾ ਕਿ ਹੇ ਰਾਜਨ! ਧਿਆਨ ਕਰ। ਇਸੇ ਤਰ੍ਹਾਂ ਰਾਤ ਦਾ ਸੁਪਨਾ ਸੇਰ ਸੱਤੂਆਂ ਦੀ ਨਿਆਈਂ ਹੈ ਅਤੇ ਜਾਗ੍ਰਿਤ ਦਾ ਸੁਪਨਾ ਚਾਲੀ ਸੇਰ ਸੱਤੂਆਂ ਦੀ ਨਿਆਈਂ। ਜਿਥੋਂ ਤੱਕ ਮਿਥਿਆ ਦਾ ਸਵਾਲ ਹੈ ਦੋਨੋਂ ਮਿਥਿਆ ਰੂਪ ਹਨ। ਫੇਰ ਰਾਜੇ ਦੀ ਇਹ ਗੱਲ ਸੀ ਕਿ ਮੈਨੂੰ ਕੋਈ ਘੋੜੇ 'ਤੇ ਚੜ੍ਹਦੇ-ਚੜ੍ਹਦੇ ਨੂੰ ਗਿਆਨ ਕਰਾਵੇ ਤੇ ਮੈਂ ਫੇਰ ਉਸਨੂੰ ਗੁਰਾਂ ਮੰਨਾਂਗਾ। ਤਾਂ ਅਸ਼ਟਾਬਕਰ ਜੀ ਨੇ ਕਿਹਾ ਕਿ ਪਹਿਲਾਂ ਗੁਰੂ ਦੱਛਣਾ ਦੇਣ ਦੀ ਸ਼ਾਸ਼ਤਰਿਕ ਮਰਿਆਦਾ ਪੂਰੀ ਕਰ। ਤਨ, ਮਨ, ਧਨ ਤਿੰਨੇ ਚੀਜ਼ਾਂ ਗੁਰੂ ਨੂੰ ਸੌਂਪਣ ਦੀ ਮਰਿਆਦਾ ਹੈ। ਪਰ ਮੈਂ ਤੇਰੇ ਕੋਲੋਂ ਤਿੰਨਾਂ ਵਿੱਚੋਂ ਇੱਕ ਵਸਤੂ ਭੇਟਾ ਵਜੋਂ ਸਵੀਕਾਰ ਕਰਾਂਗਾ ਅਤੇ ਤੇਰੇ 'ਤੇ ਛੱਡਦਾ ਹਾਂ, ਜੋ ਤੂੰ ਖ਼ੁਸ਼ ਹੋ ਕੇ ਭੇਟ ਕਰਨੀ ਚਾਹੁੰਦਾ ਹੈਂ, ਉਹ ਇੱਕ ਵਸਤੂ ਭੇਟ ਕਰ ਦੇ। ਰਾਜੇ ਨੇ ਮੰਤਰੀਆਂ ਅਤੇ ਰਾਣੀਆਂ ਨਾਲ ਸਲਾਹ ਕੀਤੀ ਤਾਂ ਮੰਤਰੀਆਂ ਨੇ ਕਿਹਾ ਕਿ ਜੇ ਧਨ ਰਿਸ਼ੀ ਨੂੰ ਸੌਂਪ ਦਿੱਤਾ ਤਾਂ ਰਾਜ ਦਾ ਸਾਰਾ ਕੰਮ ਖੜ੍ਹ ਜਾਵੇਗਾ। ਰਾਜੇ ਨੇ ਸੋਚਿਆ ਕਿ ਫਿਰ ਤਨ ਦੇ ਦਿੰਦਾ ਹਾਂ ਤਾਂ ਰਾਣੀਆਂ ਨੇ ਰੌਲਾ ਪਾਇਆ ਕਿ ਸਾਡਾ ਸੰਬੰਧ ਤੇਰੇ ਤਨ ਨਾਲ ਹੈ। ਬਾਕੀ ਕੇਵਲ ਤਿੰਨਾਂ ਵਿੱਚੋਂ ਮਨ ਬਚਿਆ। ਮਹਾਰਾਜੇ ਜਨਕ ਨੇ ਮਨ ਦਾ ਸੰਕਲਪ ਅਸ਼ਟਾਬਕਰ ਜੀ ਨੂੰ ਕਰ ਦਿੱਤਾ। ਤੇ ਫਿਰ ਅਸ਼ਟਾਬਕਰ ਜੀ ਨੇ ਕਿਹਾ ਕਿ ਹੁਣ ਘੋੜੇ ਉੱਤੇ ਚੜ੍ਹਨਾ ਕਰ, ਤੈਨੂੰ ਗਿਆਨ ਦਿੰਦਾ ਹਾਂ। ਅਸ਼ਟਾਬਕਰ ਜੀ ਨੇ ਇੱਕ ਸੁਰਤੀ ਬੋਲੀ—**ਬ੍ਰਹਮ ਸਤਿਯੰ ਜਗਤ ਮਿਥਿਆ ॥** ਜਦੋਂ ਘੋੜੇ 'ਤੇ ਚੜ੍ਹਨ ਲੱਗਾ ਤਾਂ ਅਸ਼ਟਾਬਕਰ ਜੀ ਨੇ ਬਾਂਹੋ ਫੜ੍ਹ ਲਿਆ ਤੇ ਕਿਹਾ ਕਿ ਜਿਹੜਾ ਮਨ ਤੈਨੂੰ ਘੋੜੇ 'ਤੇ ਚੜ੍ਹਨ ਦੀ ਪ੍ਰੇਰਨਾ ਦੇ ਰਿਹਾ ਹੈ, ਇਹ ਮਨ ਤੇਰਾ ਨਹੀਂ ਮੇਰਾ ਹੋ ਚੁੱਕਾ ਹੈ। ਗੁਰੂ ਨੂੰ ਅਰਪੀ ਹੋਈ ਵਸਤੂ ਗੁਰੂ ਦੀ ਹੈ, ਤੇਰੀ ਨਹੀਂ, ਤੂੰ ਕੌਣ ਹੁੰਦਾ ਹੈ ਇਸ ਨੂੰ ਵਰਤਣ ਵਾਲਾ। ਤਾਂ ਰਾਜੇ ਜਨਕ ਨੂੰ ਗਿਆਨ ਹੋ ਗਿਆ।

PDF created with pdfFactory Pro trial version www.pdffactory.com

ਯਥਾ— **ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥** [ਸਲੋਕ ਕਬੀਰ ਜੀ, ਅੰਗ ੧੩੬੯]

ਸੋ, ਇਉਂ ਭਰਮ ਦੇ ਪਰਦੇ ਖੋਲ੍ਹਣ ਨੂੰ ਗੁਰੂ ਦੀ ਸਮਰੱਥ ਹੈ ਨਹੀਂ ਤਾਂ ਜੀਵ ਭਰਮ ਦਾ ਭੁਲਿਆ ਚੁਰਾਸੀ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ।

ਯਥਾ— **ਭ੍ਰਮ ਕੇ ਪਰਦੇ ਸਤਿਗੁਰ ਖੋਲੇ ॥** [ਆਸਾ ਮਹਲਾ ੫, ਅੰਗ ੩੮੫]

ਸੋ ਇਉਂ ਦ੍ਵੈਤ ਭਾਵਨਾ ਦੇ ਪ੍ਰਕਾਸ਼ਨ ਦੇ ਕਾਰਨ ਭਰਮ ਵਿੱਚ ਭੁਲਾਣੀਆ=ਭੁਲਣ ਕਰਕੇ ਦੂਜੈ ਪਦਾਰਥਾਂ ਵਿੱਚ ਹੇਤ=ਪ੍ਰੇਮ ਲੱਗ ਰਿਹਾ ਹੈ। ਪਤੀ ਪ੍ਰਮਾਤਮਾ ਨੂੰ ਛੱਡ ਕੇ ਜੋ ਦੂਜੇ ਪਦਾਰਥਾਂ ਵਿੱਚ ਲੱਗ ਰਹੇ ਹਨ, ਉਨ੍ਹਾਂ ਦਾ ਸੰਸਾਰ ਸਮੁੰਦਰ ਵਿੱਚ ਡੁੱਬਣਾ ਹੁੰਦਾ ਹੈ :

ਯਥਾ— **ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥** [ਵਾਰ ਆਸਾ ਮਃ ੧, ਅੰਗ ੪੭੦]

ਵਾ—ਜੋ ਜੀਵ ਰੂਪ ਇਸਤਰੀਆਂ ਪਦਾਰਥਾਂ ਦੇ ਰਸਾਂ ਵਿੱਚ ਭਰਮ ਗਈਆਂ ਹਨ ਤੇ ਪਤੀ ਪ੍ਰਮੇਸ਼ਰ ਵਲੋਂ ਭੁਲ ਗਈਆਂ ਹਨ, ਵਾ—ਜਾਗ੍ਰਤ, ਸੁਪਨ, ਸਖੋਪਤ ਤਿੰਨਾਂ ਅਵਸਥਾ ਦੇ ਪ੍ਰਕਾਸ਼ਤਾ ਸਾਖੀ ਚੇਤਨ ਪਤੀ ਨੂੰ ਸਾਭਾਸ ਬਿਰਤੀ ਦ੍ਵੈਤ ਭਾਵ ਹੋਣ ਕਰਕੇ ਭੁਲ ਗਈ ਹੈ ਤੇ ਦੂਜੈ=ਦੇਵੀ-ਦੇਵਤਿਆਂ ਨਾਲ ਪ੍ਰੇਮ ਲੱਗ ਰਿਹਾ ਹੈ। ਐਸੀਆਂ ਜੀਵ ਰੂਪ ਇਸਤਰੀਆਂ ਪਤੀ ਪ੍ਰਮਾਤਮਾ ਨੂੰ ਪ੍ਰਵਾਨ ਨਹੀਂ ਹੋ ਸਕਦੀਆਂ। ਕਿਉਂਕਿ ਗੁਰਮਤਿ ਵਿੱਚ ਐਸੀਆਂ ਔਰਤਾਂ ਨੂੰ ਸਤੀਆਂ ਨਹੀਂ ਕਿਹਾ ਗਿਆ, ਜੋ ਆਪਣੇ ਪਤੀ ਨਾਲ ਸੜ ਕੇ ਆਪਣੀ ਜਾਨ ਦੇ ਦਿੰਦੀਆਂ ਹਨ। ਜਿਸ ਤਰ੍ਹਾਂ ਇੱਕ ਇਸਤਰੀ ਅੱਠ ਪਤੀ ਮਰਵਾ ਕੇ ਨੌਂਵੇਂ ਨਾਲ ਸਤੀ ਹੋ ਗਈ ਸੀ।

ਯਥਾ— **ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍ ॥**
[ਵਾਰ ਸੂਹੀ ਮਹਲਾ ੩, ਅੰਗ ੭੮੭]

ਸਤੀ ਉਸਨੂੰ ਕਿਹਾ ਜਾਂਦਾ ਹੈ, ਜਿਸਦੇ ਪਲੇ ਸਤ ਹੋਵੇ। ਸਤ ਤੋਂ ਬਿਨਾਂ ਸਤੀ ਨਹੀਂ ਹੋ ਸਕਦੀ।

ਯਥਾ— **ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥**
**ਪੰਡਿਤ ਦੇਖਹੁ ਰਿਦੈ ਬੀਚਾਰਿ ॥** [ਗਉੜੀ ਕਬੀਰ ਜੀ, ਅੰਗ ੩੨੮]

ਸੰਸਾਰ ਵਿੱਚ ਐਸੀਆਂ ਚਾਰ ਪ੍ਰਕਾਰ ਦੀਆਂ ਸਤੀਆਂ ਮੰਨੀਆਂ ਹਨ :

੧. ਪਹਿਲੇ ਦਰਜੇ ਦੀਆਂ ਸਤੀਆਂ ਉਹ ਹਨ ਜੋ ਆਪਣੇ ਪਤੀ ਤੋਂ ਬਿਨਾਂ ਹੋਰ ਕਿਸੇ ਪੁਰਖ ਨੂੰ ਪੁਰਖ ਨਹੀਂ ਮੰਨਦੀਆਂ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਸਾਰੀਆਂ ਹੀ ਇਸਤਰੀਆਂ ਹਨ ਅਤੇ ਪਤੀ ਨੂੰ ਪ੍ਰਮੇਸ਼ਰ ਕਰਕੇ ਜਾਣਦੀਆਂ ਹਨ :

ਯਥਾ— **੧. ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥**
[ਵਾਰ ਵਡਹੰਸ ਮਹਲਾ ੩, ਅੰਗ ੫੯੧]

**੨. ਠਾਕੁਰੁ ਏਕੁ ਸਬਾਈ ਨਾਰਿ ॥** [ਰਾਮਕਲੀ ਮਹਲਾ ੧, ਅੰਗ ੯੩੩]

**੩. ਕਹੁ ਨਾਨਕ ਜਿਨਿ ਪ੍ਰਿਉ ਪ੍ਰਮੇਸਰੁ ਕਰਿ ਜਾਨਿਆ ॥**
**ਧੰਨੁ ਸਤੀ ਦਰਗਹ ਪਰਵਾਨਿਆ ॥** [ਗਉੜੀ ਮਹਲਾ ੫, ਅੰਗ ੧੮੫]

੨. ਜੋ ਮਾਪਿਆਂ ਨੇ ਪਤੀ ਲੱਭ ਕੇ ਦਿੱਤਾ, ਉਸਨੂੰ ਹੀ ਪਤੀ ਮੰਨਦੀਆਂ ਹਨ ਅਤੇ ਘਰ ਵਿੱਚ ਹੋਰ ਬਜ਼ੁਰਗਾਂ ਨੂੰ ਪਿਤਾ ਸਮਾਨ, ਬਰਾਬਰ ਦਿਆਂ ਨੂੰ ਭਰਾ ਸਮਾਨ ਅਤੇ ਛੋਟਿਆਂ ਨੂੰ ਪੁੱਤਰਾਂ ਸਮਾਨ ਸਮਝਦੀਆਂ ਹਨ। ਭਾਵ ਸਭ ਦਾ ਸਤਿਕਾਰ ਕਰਦੀਆਂ ਹਨ। ਉਹ ਦੂਜੇ ਦਰਜੇ ਦੀਆਂ ਸਤੀਆਂ ਹਨ।

੩. ਤੀਜੇ ਦਰਜੇ ਦੀਆਂ ਸਤੀਆਂ ਉਹ ਹਨ, ਜੋ ਸਰੀਰ ਕਰਕੇ ਕੇਵਲ ਪਤੀ ਦੀ ਹੀ ਸੰਗਤ ਕਰਦੀਆਂ ਹਨ।

PDF created with pdfFactory Pro trial version www.pdffactory.com

ਪਰਾਏ ਪੁਰਸ਼ਾਂ ਤੋਂ ਸਰੀਰ ਕਰਕੇ ਬਚੀਆਂ ਹਨ, ਪਰ ਮਨ ਡੋਲਦਾ ਹੈ, ਫੇਰ ਵੀ ਜਤ-ਸਤ ਵਿੱਚ ਰਹਿੰਦੀਆਂ ਹਨ।

੪. ਚੌਥੀਆਂ ਸਤੀਆਂ ਉਹ ਹਨ, ਮਨ ਕਰਕੇ ਵੀ ਡੋਲਦੀਆਂ ਹਨ ਅਤੇ ਤਨ ਕਰਕੇ ਵੀ ਡੋਲ ਜਾਂਦੀਆਂ ਹਨ, ਪਰ ਪਰਿਵਾਰ ਵਿੱਚ ਰਹਿੰਦਿਆਂ ਜਾਂ ਹੋਰ ਕਾਰਨ ਕਰਕੇ ਵਿਕਾਰ ਭੋਗਣ ਦਾ ਸਮਾਂ ਨਹੀਂ ਮਿਲਦਾ। ਐਸੀ ਔਰਤ ਕਦੇ ਵੀ ਸਮਾਂ ਮਿਲਣ 'ਤੇ ਆਪਣੇ ਧਰਮ ਤੋਂ ਡੋਲ ਸਕਦੀ ਹੈ। ਕੇਵਲ ਲੋਕ-ਲਾਜ ਕਰਕੇ ਬਚੀ ਹੋਈ ਹੈ।

**ਅੰਤਰੀਵ :—**

ਇਸੇ ਪ੍ਰਕਾਰ ਚਾਰ ਤਰ੍ਹਾਂ ਦੀਆਂ ਜਗਿਆਸੂ ਰੂਪ ਸਤੀਆਂ ਹਨ।

੧. ਪਹਿਲੇ ਉਹ ਜਗਿਆਸੂ ਹਨ, ਜੋ

**ਇਕਸੁ ਬਿਨੁ ਨਾਹੀ ਦੂਜਾ ਕੋਇ ॥** [ਗਉੜੀ ਮਹਲਾ ੫, ਅੰਗ ੧੯੨]

ਬਿਨਾਂ ਅਕਾਲ ਪੁਰਖ ਤੋਂ ਦੂਜੇ ਨੂੰ ਜਾਣਦੇ ਹੀ ਨਹੀਂ ਹਨ, ਹੋਰ ਕਿਸੇ ਦੀ ਉਪਾਸ਼ਨਾ ਤਾਂ ਕੀ ਕਰਨੀ ਹੈ। ਬਾਕੀ ਸਾਰਿਆਂ ਨੂੰ ਆਪਣੇ ਨਿਆਈਂ ਜੀਵ ਰੂਪ ਇਸਤਰੀਆਂ ਹੀ ਸਮਝਦੇ ਹਨ।

ਯਥਾ— **ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥**

[ਸਿਰੀਰਾਗੁ ਮਹਲਾ ੧, ਅੰਗ ੫੪]

੨. ਦੂਜੇ ਦਰਜੇ ਦੇ ਉਹ ਜਗਿਆਸੂ ਜੋ ਅਕਾਲ ਪੁਰਖ 'ਤੇ ਦ੍ਰਿੜ੍ਹ ਨਿਸ਼ਚਾ ਰਖਦੇ ਹਨ। ਦੇਵੀ-ਦੇਵਤਿਆਂ ਦਾ ਯਥਾਯੋਗ ਸਤਿਕਾਰ ਕਰਦੇ ਹਨ। ਆਪ ਤੋਂ ਵਡਿਆਂ ਗੁਣਾਂ ਵਾਲਿਆਂ ਨੂੰ ਪਿਤਾ ਸਮਾਨ, ਬਰਾਬਰ ਦੇ ਗੁਣਾਂ ਵਾਲਿਆਂ ਨੂੰ ਭਰਾਵਾਂ ਸਮਾਨ, ਆਪਣੇ ਤੋਂ ਘਟ ਗੁਣਾਂ ਵਾਲਿਆਂ ਨੂੰ ਪੁੱਤਰਾਂ ਸਮਾਨ ਸਮਝਦੇ ਹਨ ਤੇ ਘੱਟ ਗੁਣਾਂ ਵਾਲਿਆਂ 'ਤੇ ਪਰਉਪਕਾਰ ਕਰਕੇ ਉਨ੍ਹਾਂ ਦੇ ਗੁਣ ਵਧਾਉਣ ਦੀ ਕੋਸ਼ਿਸ਼ ਕਰਦੇ ਹਨ।

੩. ਤੀਜੇ ਉਹ ਜਗਿਆਸੂ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ ਮੰਨਦੇ ਹਨ। ਸਰੀਰ ਕਰਕੇ ਕਿਸੇ ਪ੍ਰਕਾਰ ਡੋਲਦੇ ਨਹੀਂ। ਦੇਵੀ-ਦੇਵਤਿਆਂ ਦੀ ਪੂਜਾ ਵਿੱਚ ਮਨ ਕਰਕੇ ਡੋਲਦੇ ਫਿਰਦੇ ਹਨ ਕਿ ਸ਼ਾਇਦ ਦੇਵੀ-ਦੇਵਤਿਆਂ ਦੀ ਪੂਜਾ ਕਰਕੇ ਹੀ ਧਨ ਮਿਲੇਗਾ। ਪਰ ਫਿਰ ਵੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਦੀ ਪੂਜਾ ਨਹੀਂ ਕਰਦੇ।

੪. ਉਹ ਜਗਿਆਸੂ ਜਿਨ੍ਹਾਂ ਦਾ ਨਾ ਤਨ ਅਤੇ ਨਾ ਹੀ ਮਨ ਵੱਸ ਵਿੱਚ ਹੈ, ਪਰ ਸੰਗਤ ਵਿੱਚ ਰਹਿੰਦਿਆਂ ਸਰੀਰ ਦੁਆਰਾ ਵਿਕਾਰ ਕਰਨ, ਵਾ—ਦੇਵੀ-ਦੇਵਤਿਆਂ ਦੀ ਪੂਜਾ ਕਰਨ ਨੂੰ ਸਮਾਂ ਨਹੀਂ ਮਿਲਦਾ। ਪਰ ਅਜਿਹੇ ਜਗਿਆਸੂਆਂ ਦਾ ਪਤਾ ਨਹੀਂ ਕਿ ਸੰਗਤ ਤੋਂ ਪਰ੍ਹੇ ਹੋਣ ਕਰਕੇ ਕਦੋਂ ਡੋਲ ਜਾਣ। ਅਜਿਹੇ ਜਗਿਆਸੂ ਕੇਵਲ ਲੋਕ-ਲਾਜ ਲਈ ਹੀ ਗੁਰੂ ਨਾਲ ਜੁੜੇ ਹਨ, ਪਰ ਜਦੋਂ ਤੱਕ ਜੁੜੇ ਹਨ ਸਤਿਕਾਰਯੋਗ ਹਨ।

ਐਸੀਆਂ ਜਗਿਆਸੂ ਰੂਪ ਇਸਤਰੀਆਂ ਤੋਂ ਬਿਨਾਂ ਜੋ ਜੀਵ ਰੂਪ ਇਸਤਰੀਆਂ ਹਨ, ਪ੍ਰਮੇਸ਼ਰ ਨੂੰ ਛੱਡ ਕੇ ਦੇਵੀ-ਦੇਵਤਿਆਂ ਦੀ ਪੂਜਾ ਕਰਦੀਆਂ ਹਨ। ਉਹ ਕਨਿਸ਼ਟ ਜਗਿਆਸੂ ਹਨ। ਐਸੇ ਜਗਿਆਸੂ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਪਾ ਸਕਦੇ, ਸਗੋਂ ਹੋਰ ਬੰਧਨ ਵਿੱਚ ਪੈ ਜਾਂਦੇ ਹਨ।

ਯਥਾ— **ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥** [ਗਉੜੀ ਮਹਲਾ ੫, ਅੰਗ ੨੫੨]

ਪ੍ਰਮੇਸ਼ਰ ਸੂਰਜ ਰੂਪ ਹੈ, ਉਸਦੀਆਂ ਸਤਤਾ ਰੂਪ ਕਿਰਨਾਂ ਸੰਸਾਰ ਰੂਪ ਰੇਗਿਸਤਾਨ ਉਪਰ ਪੈ ਰਹੀਆਂ ਹਨ। ਜੀਵ ਭਰਮ ਕਰਕੇ ਪਦਾਰਥਾਂ ਰੂਪ ਮ੍ਰਿਗ ਤ੍ਰਿਸ਼ਨਾ ਦੇ ਜਲ ਵਿੱਚ ਹੀ ਲੱਗੇ ਰਹਿੰਦੇ ਹਨ। ਭਾਵ ਦ੍ਵੈਤ ਭਾਵ ਵਿੱਚ ਲੱਗੇ ਰਹਿੰਦੇ ਹਨ ਕਿ ਸ਼ਾਇਦ ਸਾਨੂੰ ਭੈਰੋਂ ਹੀ ਕੁਝ ਦੇਵੇਗਾ ਜਾਂ ਦੇਵੀ ਹੀ ਕੁਝ ਦੇਵੇਗੀ।

ਯਥਾ— **ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥**

[ਸੋਰਠਿ ਮਹਲਾ ੧, ਅੰਗ ੬੩੭]

PDF created with pdfFactory Pro trial version www.pdffactory.com

ਕੋਈ ਪਦਾਰਥਾਂ ਲਈ ਪੱਥਰਾਂ ਨੂੰ ਪੂਜਦਾ ਹੈ ਅਤੇ ਕੋਈ ਗਲੇ ਵਿੱਚ ਲਿੰਗ ਲਟਕਾਉਂਦਾ ਹੈ।

ਯਥਾ— **ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗੁ ਗਰੇ ਲਟਕਾਇਓ ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥**
**ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨਾ ਪਾਇਓ ॥**
[ਦਸਮ, ਅੰਗ ੧੫]

ਇਸ ਪ੍ਰਕਾਰ ਭਰਮ ਕਰਕੇ ਦੂਜੇ ਭਾਵ ਵਿੱਚ ਹੀ ਲੱਗੇ ਰਹਿੰਦੇ ਹਨ। ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ।

## *ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*

ਭਾਵੇਂ ਕੋਈ ਇਸਤਰੀ ਆਪਣੇ ਸਰੀਰ 'ਤੇ ਅਨੇਕਾਂ ਸ਼ਿੰਗਾਰ ਕਰ ਲਵੇ, ਪਰ ਪਤੀ ਦੀ ਪ੍ਰਾਪਤੀ ਤੋਂ ਬਿਨਾਂ ਕਿਸੇ ਵੀ ਕੰਮ ਨਹੀਂ। ਇਸੇ ਤਰ੍ਹਾਂ ਜੀਵ ਰੂਪ ਇਸਤਰੀ ਭਾਵੇਂ ਲੱਖਾਂ ਸਾਧਨਾ ਰੂਪੀ ਸ਼ਿੰਗਾਰ ਬਣਾਉਣਾ ਕਰੇ। ਭਾਵ ਕਰਨਾ ਕਰੇ ਪਰ ਜੇ ਪਤੀ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੋਈ ਤਾਂ ਇਹ ਸਾਰੇ ਸਾਧਨਾ ਰੂਪੀ ਸ਼ਿੰਗਾਰ ਕਿਸੇ ਵੀ ਕੰਮ ਨਹੀਂ ਹਨ।

ਯਥਾ— **ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ ॥**
**ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ ॥** [ਟੋਡੀ ਮਹਲਾ ੫, ਅੰਗ ੭੧੨]

ਅਥਵਾ :—ਜੇ ਕੋਈ ਇਸਤਰੀ ਆਪਣੇ ਸਰੀਰ 'ਤੇ ਸ਼ਿੰਗਾਰ ਕਰਨਾ ਕਰੇ, ਪਰ ਜੇ ਪਤੀ ਉਸ ਨੂੰ ਖ਼ੁਸ਼ੀ ਨਾਲ ਨਾ ਦੇਖੇ ਤਾਂ ਉਹ ਕਿਸੇ ਕੰਮ ਨਹੀਂ, ਭਾਵ ਵਿਅਰਥ ਹੋ ਜਾਂਦਾ ਹੈ। ਇਸੇ ਤਰ੍ਹਾਂ ਲਖ=ਜਾਨਣਾ ਕਰੋ ਕਿ ਜਿਸ ਜੀਵ ਦੇ ਜਪ-ਤਪ, ਵਾ—ਸਾਧਨਾ ਰੂਪ ਕੀਤੇ ਸ਼ਿੰਗਾਰਾਂ ਨੂੰ ਪ੍ਰਮਾਤਮਾ ਖ਼ੁਸ਼ੀ ਨਾਲ ਨਹੀਂ ਦੇਖਦਾ ਤਾਂ ਉਹ ਸਾਧਨ ਕਿਸੇ ਕੰਮ ਨਹੀਂ।

ਯਥਾ— **ਜੈਸੇ ਸੁੰਦਰ ਸੁੰਦਰੀ ਖੋੜਸ ਕਰੇ ਸੀਗਾਰ ॥**
**ਤਦਪਿ ਨਿਹਫਲ ਸਭ ਸਹੀ ਜੋ ਦ੍ਰਿਗ ਬਿਨ ਭਰਤਾਰ ॥**

## *ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥*

ਜਿਸ ਦਿਨ ਇਹ ਮਨੁੱਖਾ ਦੇਹੀ ਬਿਨਸਸੀ=ਨਾਸ ਹੋ ਜਾਣੀ ਹੈ, ਭਾਵ ਮੌਤ ਹੋ ਜਾਣੀ ਹੈ। ਤਿਤੁ=ਉਸ ਵੇਲੇ ਸਾਰੇ ਸੰਬੰਧੀ ਇਸ ਨੂੰ ਪ੍ਰੇਤੁ=ਭੂਤ ਕਹਸਨਿ=ਕਹਿਣਗੇ। ਜਿਸ ਦੇਹ ਨੂੰ ਅਸੀਂ ਪਾਲਣ ਵਿੱਚ ਹੀ ਲੱਗੇ ਹੋਏ ਹਾਂ, ਇਸਦੀ ਸੁੰਦਰਤਾ ਨੂੰ ਵਧਾਉਣ ਲਈ ਹੀ ਹਮੇਸ਼ਾ ਯਤਨ ਕਰਦੇ ਰਹਿੰਦੇ ਹਾਂ ਤੇ ਪ੍ਰਮੇਸ਼ਰ ਦਾ ਭਜਨ ਨਹੀਂ ਕਰਦੇ, ਇਸਨੇ ਇੱਕ ਦਿਨ ਨਾਸ ਹੋ ਜਾਣਾ ਹੈ ਤੇ ਇਹ ਸੁੰਦਰ ਦੇਹ ਮਿੱਟੀ ਦੀ ਢੇਰੀ ਬਣ ਜਾਵੇਗੀ।

ਯਥਾ— **ਅਨਿਕ ਜਤਨ ਕਰਿ ਕਾਇਆ ਪਾਲੀ ॥ ਮਰਤੀ ਬਾਰ ਅਗਨਿ ਸੰਗ ਜਾਲੀ ॥੨॥**
**ਚੋਆ ਚੰਦਨੁ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥੩॥**
**ਕਹੁ ਕਬੀਰ ਸੁਨਹੁ ਰੇ ਗੁਨੀਆ ॥ ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥੪॥੧੧॥**
[ਗਉੜੀ ਕਬੀਰ ਜੀ, ਅੰਗ ੩੨੫]

ਜਦੋਂ ਇਸ ਦੇਹ ਦਾ ਨਾਸ ਹੋ ਗਿਆ, ਭਾਵ ਮੌਤ ਹੋ ਗਈ ਤਾਂ ਜਿਨ੍ਹਾਂ ਸੰਬੰਧੀਆਂ ਨੂੰ ਇਹ ਆਪਣੇ ਸਮਝਦਾ ਸੀ, ਜਿਨ੍ਹਾਂ ਵਾਸਤੇ ਅਨੇਕਾਂ ਤਰ੍ਹਾਂ ਦੇ ਵਲ-ਛਲ ਕਰਕੇ, ਕਸ਼ਟ ਸਹਾਰ ਕੇ ਧਨ ਲਿਆਉਂਦਾ ਸੀ। ਉਹ ਮਾਤਾ-ਪਿਤਾ, ਪੁੱਤਰ, ਧੀਆਂ ਅਤੇ ਘਰਵਾਲੀ ਆਦਿ ਜੋ ਸਾਰੇ ਕਹਿੰਦੇ ਸਨ ਕਿ ਤੂੰ ਸਾਡਾ ਹੈਂ ਅਤੇ ਅਸੀਂ ਤੇਰੇ ਹਾਂ, ਉਹੀ ਸੰਬੰਧੀ

PDF created with pdfFactory Pro trial version www.pdffactory.com

ਫਿਰ ਇਸਨੂੰ ਪ੍ਰੇਤ ਕਹਿੰਦੇ ਹਨ। ਇਥੋਂ ਤਕ ਜੋ ਸਭ ਤੋਂ ਨੇੜੇ ਘਰਵਾਲੀ ਸੀ, ਉਹ ਵੀ ਇਸਨੂੰ ਪ੍ਰੇਤ ਹੀ ਕਹਿੰਦੀ ਹੈ।

ਯਥਾ— **੧. ਸਭ ਕਿਛੁ ਜੀਵਤ ਕੋ ਬਿਵਹਾਰ ॥**
**ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ਰਹਾਉ॥**
**ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ॥**
[ਦੇਵਗੰਧਾਰੀ ਮਹਲਾ ੯, ਅੰਗ ੫੩੬]

**੨. ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥**
**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥**
[ਸੋਰਠਿ ਮਹਲਾ ੯, ਅੰਗ ੬੩੪]

ਫਿਰ ਇਸ ਜੀਵ ਦੀ ਮਿਰਤਕ ਦੇਹ ਨਾਲ ਕੋਈ ਪ੍ਰੇਮ ਨਹੀਂ ਕਰਦਾ ਤੇ ਸੁੰਦਰ ਦੇਹ, ਸੁੰਦਰ ਬਸਤਰ ਤੇ ਸੁੰਦਰ ਸਰੂਪ ਸੜ ਕੇ ਸੁਆਹ ਹੋ ਜਾਂਦੇ ਹਨ। ਗੁਰਸਿੱਖਾਂ ਨੇ ਸਤਿਗੁਰਾਂ ਨੂੰ ਪ੍ਰਸ਼ਨ ਕੀਤਾ ਕਿ ਸਤਿਗੁਰੂ ਜੀ! ਪ੍ਰਭੂ ਦਾ ਨਾਮ ਜਪਣ ਤੋਂ ਬਿਨਾਂ ਜੋ ਜੀਵ ਹਨ, ਉਨ੍ਹਾਂ ਦੀ ਹਾਲਤ ਕਿਸ ਤਰ੍ਹਾਂ ਦੀ ਰਹਿੰਦੀ ਹੈ ? ਤਾਂ ਸਤਿਗੁਰੂ ਜੀ ਕਹਿਣ ਲੱਗੇ :

## *ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥*

ਜੋ ਨਾਮ ਤੋਂ ਹੀਣੇ ਪੁਰਸ਼ ਹਨ, ਉਨ੍ਹਾਂ ਨੂੰ ਜਮ=ਧਰਮ ਰਾਜਾ ਦੇ ਭਿਆਨਕ ਦੂਤ, ਵਾ—ਭਿਆਨਕ ਜਮਦੂਤ ਆ ਕੇ ਪਕੜ ਲੈਣਗੇ ਤੇ ਆਪਣੇ ਨਾਲ ਚਲਾਇਨਿ=ਚਲਾਉਣਾ ਕਰਨਗੇ, ਭਾਵ ਆਪਣੇ ਨਾਲ ਲੈ ਕੇ ਪ੍ਰਲੋਕ ਨੂੰ ਚਲੇ ਜਾਣਗੇ, ਉਹ ਆਪਣੇ ਆਉਣ ਦਾ ਕਿਸੇ ਨੂੰ ਵੀ ਭੇਤ=ਪਤਾ ਨਹੀਂ ਦਿੰਦੇ, ਭਾਵ ਪਹਿਲਾਂ ਸੁਨੇਹਾ ਨਹੀਂ ਭੇਜਦੇ ਕਿ ਅਸੀਂ ਆ ਰਹੇ ਹਾਂ। ਸਗੋਂ ਜਿਸ ਤਰ੍ਹਾਂ ਅਚਾਨਕ ਬਾਜ ਆਪਣੇ ਸ਼ਿਕਾਰ 'ਤੇ ਪੈਂਦਾ ਹੈ। ਇਸੇ ਤਰ੍ਹਾਂ ਅੱਖ ਫ਼ਰਕਣ ਦੇ ਸਮੇਂ ਵਿੱਚ ਜਮ ਆ ਕੇ ਲੈ ਜਾਂਦੇ ਹਨ ਤੇ ਜੀਵ ਨੂੰ ਆਪਣੀ ਮੌਤ ਦਾ ਚਿਤ ਚੇਤਾ ਵੀ ਨਹੀਂ ਹੁੰਦਾ ਤੇ ਆਪਣੀ ਮਸਤੀ ਵਿੱਚ ਕਲੋਲਾਂ ਕਰਦਾ ਫਿਰ ਰਿਹਾ ਹੁੰਦਾ ਹੈ।

ਯਥਾ— **ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥**
**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥**
**ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥**
**ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆ ॥** [ਸਲੋਕ ਫਰੀਦ ਜੀ, ਅੰਗ ੧੩੮੩]

ਅਥਵਾ :—ਜਦੋਂ ਜਮਦੂਤ ਪਕੜ ਕੇ ਪ੍ਰਲੋਕ ਨੂੰ ਚਲਾਇਨਿ=ਤੋਰਦੇ ਹਨ ਤਾਂ ਇਹ ਭੇਤ ਕਿਸੇ ਵੀ ਸੰਬੰਧੀ ਨੂੰ ਨਹੀਂ ਦਿੰਦੇ ਕਿ ਅਸੀਂ ਇਸਨੂੰ ਕਿਸ ਨਰਕ ਵਿੱਚ ਪਾਉਣਾ ਕਰਾਂਗੇ।

ਯਥਾ— **ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥**
**ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥**
[ਸਿਰੀਰਾਗੁ ਮਹਲਾ ੧, ਅੰਗ ੭੫]

## *ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥*

ਜਿਨ੍ਹਾਂ ਸੰਬੰਧੀਆਂ ਮਾਤਾ-ਪਿਤਾ, ਪੁੱਤਰ-ਧੀਆਂ ਅਤੇ ਘਰਵਾਲੀ ਆਦਿ ਨਾਲ ਬਹੁਤਾ ਹੀ ਹੇਤੁ=ਪ੍ਰੇਮ ਲਗਾ=ਲੱਗਿਆ ਹੋਇਆ ਹੈ। ਉਹ ਇਸਦੇ ਸਾਰੇ ਹੀ ਸੰਬੰਧੀ ਮੌਤ ਆਈ ਤੋਂ ਇਕ ਛਿਨ ਵਿੱਚ ਛੱਡ ਕੇ ਖੜੋ ਜਾਂਦੇ ਹਨ, ਫਿਰ ਕੋਈ ਸਹਾਇਤਾ ਨਹੀਂ ਕਰਦਾ। ਜਿਨ੍ਹਾਂ ਸੰਬੰਧੀਆਂ ਵਾਸਤੇ ਜੀਵ ਰਾਤ ਦਿਨ ਕਸ਼ਟ ਸਹਾਰ ਕੇ, ਚੋਰੀਆਂ

PDF created with pdfFactory Pro trial version www.pdffactory.com

ਕਰ ਕੇ, ਠੱਗੀਆਂ ਮਾਰ ਕੇ, ਅਨੇਕਾਂ ਤਰ੍ਹਾਂ ਦੇ ਪਾਪ ਕਰਕੇ ਧਨ ਲਿਆਉਂਦਾ ਸੀ, ਫਿਰ ਉਹ ਸੰਬੰਧੀ ਇਸਦਾ ਸਾਥ ਛੱਡ ਜਾਂਦੇ ਹਨ ਤੇ ਪਾਪਾਂ ਦਾ ਲੇਖਾ ਪ੍ਰਲੋਕ ਵਿੱਚ ਇਸ ਜੀਵ ਕੋਲੋਂ ਲਿਆ ਜਾਂਦਾ ਹੈ, ਜਿਥੇ ਇਸ ਦਾ ਕਮਾਇਆ ਧਨ ਖਾਣ ਵਾਲਾ ਕੋਈ ਸੰਬੰਧੀ ਇਸਦੀ ਰੱਖਿਆ ਨਹੀਂ ਕਰ ਸਕਦਾ।

ਯਥਾ— **੧. ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥**
**ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ਰਹਾਉ॥**
[ਸੋਰਠਿ ਕਬੀਰ ਜੀ, ਅੰਗ ੬੫੬]

**੨. ਜਗਤ ਮੈ ਝੂਠੀ ਦੇਖੀ ਪ੍ਰੀਤਿ ॥**
**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਹਾ ਦਾਰਾ ਕਿਹਾ ਮੀਤ ॥੧॥ਰਹਾਉ॥**
**ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥**
**ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥**
[ਦੇਵਗੰਧਾਰੀ ਮਹਲਾ ੯, ਅੰਗ ੫੩੬]

**੩. ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥**
**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥** [ਜੈਤਸਰੀ ਮਹਲਾ ੫, ਅੰਗ ੭੦੦]

ਇੱਕ ਪ੍ਰਮੇਸ਼ਰ ਦਾ ਨਾਮ ਹੀ ਹੈ, ਜੋ ਪ੍ਰਲੋਕ ਵਿੱਚ ਜੀਵ ਦੀ ਸਹਾਇਤਾ ਕਰਦਾ ਹੈ ਤੇ ਜਮਾਂ ਦੀ ਮਾਰ ਤੋਂ ਬਚਾ ਕੇ ਮੁਕਤੀ ਪ੍ਰਦਾਨ ਕਰਦਾ ਹੈ :

ਯਥਾ— **੧. ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਕੀਨਾ ਹੇ ॥**
[ਮਾਰੂ ਸੋਲਹੇ ਮਹਲਾ ੧, ਅੰਗ ੧੦੨੮]

**੨. ਹਰਿ ਬਿਨੁ ਕਉਨ ਸਹਾਈ ਮਨ ਕਾ ॥**
**ਮਾਤਾ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ ॥**
[ਸਾਰੰਗ ਕਬੀਰ ਜੀ, ਅੰਗ ੧੨੫੩]

## *ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥*

ਜਵਾਨ ਉਮਰ ਵਿੱਚ ਹੱਥਾਂ ਨੂੰ ਮਰੋੜਦਾ ਹੈ ਕਿ ਮੇਰੇ ਬਰਾਬਰ ਦਾ ਬਲ ਕਿਸੇ ਵਿੱਚ ਨਹੀਂ। ਸਿਆਹਹੁ=ਕਾਲਾ ਦਾਗ ਨਹੀਂ ਲੱਗਣ ਦਿੰਦਾ। ਬਹੁਤ ਹੀ ਸੇਤੁ=ਚਿੱਟਾ ਬਣ ਕੇ ਰਹਿੰਦਾ ਹੈ ਤੇ ਸੇਤੁ=ਉੱਜਲ ਬਸਤਰ ਪਹਿਨਦਾ ਹੈ, ਪਰ ਜਦੋਂ ਬਿਰਧ ਅਵਸਥਾ ਆ ਜਾਂਦੀ ਹੈ ਤਾਂ ਸਰੀਰ ਵਿੱਚ ਬਲ ਨਹੀਂ ਰਹਿੰਦਾ ਤੇ ਤਨੁ=ਸਰੀਰ ਕਪੇ=ਕੰਬਣ ਲੱਗ ਜਾਂਦਾ ਹੈ। ਅਥਵਾ :—ਜਦੋਂ ਜੀਵ ਦਾ ਅੰਤ ਸਮਾਂ ਆਉਂਦਾ ਹੈ ਤਾਂ ਜਦੋਂ ਜਮ-ਸੂਖਮ ਸਰੀਰ ਨੂੰ ਕਪੇ=ਕਟ ਕੇ ਜੀਵ ਆਤਮਾ ਨੂੰ ਵਖਰਾ ਕਰਦੇ ਹਨ ਤਾਂ ਹੱਥਾਂ ਨੂੰ ਮਰੋੜ ਕੇ ਆਪਣੀ ਪੀੜਾ ਦਸਦਾ ਹੈ। ਜਿਥੇ ਪਹਿਲਾਂ ਸਰੀਰ ਦਾ ਸੇਤੁ=ਗੋਰਾ ਚਿੱਟਾ ਰੰਗ ਸੀ, ਉਥੇ ਉਹ ਸਿਆਹਹੁ=ਕਾਲਾ ਸਿਆਹ ਹੋ ਜਾਂਦਾ ਹੈ।

ਯਥਾ— **ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥** [ਤਿਲੰਗ ਮਹਲਾ ੧, ਅੰਗ ੭੨੫]

ਜਿਸ ਵੇਲੇ ਜੀਵ ਨੂੰ ਧਰਮ ਰਾਜ ਦੇ ਜਮ ਗਣ ਪਕੜ ਕੇ ਲੈ ਜਾਂਦੇ ਹਨ ਤਾਂ ਇਸਦੇ ਹੱਥਾਂ ਨੂੰ ਮਰੋੜਦੇ ਹਨ ਕਪੇ=ਕੱਟਦੇ ਹਨ, ਭਾਵ ਮਾਰਦੇ ਕੁੱਟਦੇ ਹਨ, ਉਸ ਵੇਲੇ ਸਾਰਾ ਸਿਆਹਹੁ=ਹਨੇਰਾ ਦੂਰ ਹੋ ਜਾਂਦਾ ਹੈ ਅਤੇ ਸੇਤੁ=ਚਾਨਣਾ ਹੋ ਆਉਂਦਾ ਹੈ, ਭਾਵ ਇਹ ਗਿਆਨ ਹੋ ਜਾਂਦਾ ਹੈ ਕਿ ਮੇਰੇ ਹੀ ਕਰਮਾਂ ਦਾ ਫਲ ਮਿਲ ਰਿਹਾ ਹੈ ਕਿ ਹੇ ਜੀਵ

PDF created with pdfFactory Pro trial version www.pdffactory.com

## ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਇਹ ਸਰੀਰ ਰੂਪ ਧਰਤੀ ਵਿੱਚ ਜੇਹਾ=ਜਿਹੋ ਜਿਹਾ ਕੋਈ ਕਰਮ ਸੰਦੜਾ=ਦਾ ਬੀਜ ਬੀਜੈ=ਬੀਜਦਾ ਹੈ, ਉਹੋ ਜਿਹਾ ਹੀ ਦੁਖ ਸੁਖ ਰੂਪ ਫਲ ਲੁਣੈ=ਵਢਦਾ ਹੈ।

ਯਥਾ— **ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥** [ਸਲੋਕ ਫਰੀਦ ਜੀ, ਅੰਗ ੧੩੭੯]

ਜਿਸ ਤਰ੍ਹਾਂ ਜ਼ਿਮੀਂਦਾਰ ਖੇਤ ਵਿੱਚ ਜਿਹੋ ਜਿਹਾ ਬੀਜ ਬੀਜਦਾ ਹੈ, ਉਸ ਤਰ੍ਹਾਂ ਦਾ ਹੀ ਫਲ ਪ੍ਰਾਪਤ ਹੁੰਦਾ ਹੈ। ਜੇ ਜ਼ਿਮੀਂਦਾਰ ਖੇਤ ਵਿੱਚ ਕਿੱਕਰਾਂ ਦੇ ਬੀਜ ਬੀਜ ਕੇ ਬਿਜੌਰ ਦੇਸ਼ ਦੀਆਂ ਦਾਖਾਂ ਪ੍ਰਾਪਤ ਕਰਨਾ ਚਾਹੇ ਤਾਂ ਨਹੀਂ ਪ੍ਰਾਪਤ ਹੋ ਸਕਦੀਆ। ਜੇ ਅੱਕ ਬੀਜ ਕੇ ਕਲਮੀ ਅੰਬ ਚਾਹੇ ਤਾਂ ਨਹੀਂ ਪ੍ਰਾਪਤ ਹੋ ਸਕਦੇ। ਜੇ ਕੋਈ ਊਠਾਂ ਦੀ ਉੱਨ ਕਤਾ ਕੇ ਰੇਸ਼ਮ ਦੇ ਬਸਤਰ ਪਹਿਨਣਾ ਚਾਹੇ ਤਾਂ ਬਸਤਰ ਪ੍ਰਾਪਤ ਨਹੀਂ ਹੋ ਸਕਦਾ। ਇਸ ਤਰ੍ਹਾਂ ਹੀ ਜੇ ਕੋਈ ਐਸੇ ਨਖਿਧ ਕਰਮ ਕਰੇ, ਜੋ ਬੇਦਾਂ ਸ਼ਾਸ਼ਤ੍ਰਾਂ ਵਲੋਂ ਵਿਵਰਜਿਤ ਹਨ ਤੇ ਐਸੇ ਕਰਮ ਕਰਨ ਰੂਪ ਕਿੱਕਰਾਂ ਦੇ ਬੀਜ ਬੀਜੇ ਅਤੇ ਬੈਕੁੰਠ ਦੀਆਂ ਚਾਰ ਮੁਕਤੀਆਂ (ਸਲੋਕ, ਸਰੂਪ, ਸਮੀਪ, ਸਾਵੱਜ) ਰੂਪ ਦਾਖਾਂ ਪ੍ਰਾਪਤ ਕਰਨਾ ਚਾਹੇ ਤਾਂ ਨਹੀਂ ਮਿਲ ਸਕਦੀਆਂ। ਕੋਈ ਊਠਾਂ ਕੀ ਉੱਨ ਕਤਾਉਣ ਵਾਂਗ ਸਕਾਮ ਕਰਮ ਕਰਦਾ ਹੈ ਤੇ ਜੀਵਨ ਮੁਕਤ ਜਾਂ ਬ੍ਰਹਮ ਗਿਆਨੀ ਵਾਲੀ ਅਸਵਥਾ ਪ੍ਰਾਪਤ ਕਰਨੀ ਚਾਹੁੰਦਾ ਹੈ। ਐਸਾ ਕਿਵੇਂ ਹੋ ਸਕਦਾ ਹੈ, ਭਾਵ ਇਹ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ। ਇਸ ਪ੍ਰਕਾਰ ਜਿਹੋ ਜਿਹਾ ਕੋਈ ਕਰਮਾਂ ਰੂਪੀ ਬੀਜ ਬੀਜਣਾ ਕਰਦਾ ਹੈ, ਤਿਸ ਤਰਾਂ ਦਾ ਹੀ ਫਲ ਪ੍ਰਾਪਤ ਹੁੰਦਾ ਹੈ। ਮੰਦੇ ਕਰਮਾਂ ਦਾ ਫਲ ਦੁਖ ਤੇ ਚੰਗੇ ਕਰਮਾਂ ਦਾ ਫਲ ਸੁਖ ਹੁੰਦਾ ਹੈ। ਕਲਿਜੁਗ ਦੇ ਸਮੇਂ ਨੂੰ ਗੁਰਬਾਣੀ ਵਿੱਚ ਨਾਮ ਰੂਪ ਬੀਜ ਬੀਜਣ ਦੀ ਰੁਤ ਦੱਸਿਆ ਹੈ। ਜੇ ਕੋਈ ਨਾਮ ਤੋਂ ਬਿਨਾਂ ਪਿਛਲੇ ਜੁਗਾਂ ਦੇ ਜੋ ਜੁਗ ਪ੍ਰਧਾਨ ਕਰਮ ਸਨ, ਉਹ ਕਰਮ ਰੂਪ ਬੀਜ ਬੀਜੇ ਤਾਂ ਫਲਦਾਇਕ ਨਹੀਂ।

ਯਥਾ— ੧. **ਜਤੁ ਸੰਜਮੁ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥**
**ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥**
[ਬਿਲਾਵਲੁ ਮਹਲਾ ੩, ਅੰਗ ੭੯੭]

੨. **ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥**
**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥** [ਗਉੜੀ ਰਵਿਦਾਸ ਜੀ, ਅੰਗ ੩੪੬]

੩. **ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥**
**ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥** [ਬਸੰਤੁ ਮਹਲਾ ੫, ਅੰਗ ੧੧੮੫]

ਕੋਈ ਵੀ ਬੀਜ ਬੀਜਣ ਤੋਂ ਪਹਿਲਾਂ ਅਗਰ ਦੋ ਗੱਲਾਂ ਦਾ ਖ਼ਿਆਲ ਨਾ ਰਖਿਆ ਜਾਵੇ ਤਾਂ ਬੀਜ ਬੀਜਿਆ ਨਿਸਫਲ ਹੋ ਜਾਵੇਗਾ। ਇੱਕ ਤਾਂ ਉਸ ਬੀਜ ਦੀ ਰੁੱਤ ਹੋਵੇ, ਦੂਜਾ ਧਰਤੀ ਵਿੱਚ ਗਿੱਲ ਦਾ ਹੋਣਾ ਵੀ ਉਤਨਾ ਹੀ ਜ਼ਰੂਰੀ ਹੈ। ਜੇ ਕੁਰੁਤਾ ਬੀਜ, ਬੀਜ ਦਿੱਤਾ ਤਾਂ ਵੀ ਨਹੀਂ ਜੰਮੇਗਾ ਅਤੇ ਜੇ ਦਾਣਾ ਸੁੱਕੇ ਥਾਂ ਪਿਆ ਰਿਹਾ ਤਾਂ ਵੀ ਦਾਣਾ ਨਹੀਂ ਜੰਮੇਗਾ। ਜੇ ਕਰ ਕੋਈ ਐਸਾ ਲਾਪਰਵਾਹੀ ਨਾਲ ਬੀਜਦਾ ਹੈ ਤਾਂ ਲਾਭ ਤਾਂ ਕੀ ਪ੍ਰਾਪਤ ਹੋਣਾ। ਸਗੋਂ ਮੂਲ ਵੀ ਚਲਾ ਜਾਂਦਾ ਹੈ।

ਯਥਾ— ੧. **ਕੁਰੁਤਾ ਬੀਜ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥**
[ਮਾਰੂ ਮਹਲਾ ੫, ਅੰਗ ੧੦੭੫]

੨. **ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ ॥** [ਮਾਰੂ ਮਹਲਾ ੫, ਅੰਗ ੧੦੦੨]

PDF created with pdfFactory Pro trial version www.pdffactory.com

ਹੁਣ ਪ੍ਰਮੇਸ਼ਰ ਦਾ ਨਾਮ ਬੀਜਣ ਦੀ ਵੱਤ੍ਰ ਹੈ:

ਯਥਾ— **੧. ਰੇ ਮਨ ਵਤ੍ਰ ਬੀਜਣ ਨਾਉ ॥**
**ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ ॥** [ਮਾਰੂ ਮਹਲਾ ੫, ਅੰਗ ੧੦੦੨]

**੨. ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥** [ਵਾਰ ਗਉੜੀ ਮਹਲਾ ੫, ਅੰਗ ੩੨੧]

**੩. ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥** [ਆਸਾ ਮਹਲਾ ੪, ਅੰਗ ੪੫੦]

ਬੁਧੀ ਰੂਪ ਧਰਤੀ ਵਿੱਚ ਨਾਮ ਰੂਪ ਬੀਜ ਬੀਜਣ ਲਈ ਪਹਿਲਾਂ ਇਸ ਧਰਤੀ ਨੂੰ ਤਿਆਰ ਕਰਨਾ ਜ਼ਰੂਰੀ ਹੈ। ਪਾਪਾਂ ਰੂਪ ਪਿਆਜੀ ਕਢਣਾ ਕਰੋ, ਮਮਤਾ ਰੂਪੀ ਮੋਥੇ ਨੂੰ ਪੁਟਣਾ ਕਰੋ, ਈਰਖਾ ਰੂਪੀ ਇੱਟਾਂ ਨੂੰ ਪੁੱਟ ਕੇ ਵਿਕਾਰਾਂ ਰੂਪ ਅੱਕ ਨੂੰ ਵੱਢਣਾ ਕਰੋ। ਵੀਚਾਰ ਰੂਪੀ ਖੁਰਪੇ ਨਾਲ ਪਾਪਾਂ ਰੂਪੀ ਅਤੇ ਕਾਮਨਾ ਰੂਪ ਕੱਖ ਕੱਢ ਕੇ ਉਦਮ ਰੂਪ ਹਲ ਲੈ ਕੇ, ਦਇਆ, ਧਰਮ ਰੂਪ ਦੋ ਬਲਦਾਂ ਨੂੰ ਜੋੜ ਕੇ ਇਹ ਧਰਤੀ ਤਿਆਰ ਕਰਕੇ ਨਾਮ ਦਾ ਬੀਜ ਬੀਜਣਾ ਕਰੀਏ। ਸਾਧ ਸੰਗਤ ਰੂਪ ਖੂਹ ਹੈ। ਸ੍ਰਵਣ ਮੰਨਣ ਦਾ ਹਲਟ ਬਣਾ ਕੇ ਪ੍ਰੀਤੀ ਰੂਪੀ ਮਾਲ ਪਾ ਕੇ, ਕਰੁਣਾ, ਮੈਤ੍ਰੀ, ਮੁਦਤਾ ਤੇ ਉਪੇਖਿਆ ਰੂਪ ਟਿੰਡਾਂ ਪਾ ਕੇ ਤਰ ਤੀਬਰ, ਤਰਤਮ ਬੈਰਾਗ ਦੇ ਬੂੜੀਏ ਪਾਉਣਾ ਕਰੀਏ। ਉਪਾਸ਼ਨਾ ਰੂਪ ਗਰਧਲ ਪਾ ਕੇ, ਮੋਖ ਇਛਾ ਰੂਪ ਲੱਠੇ ਪਾ ਕੇ ਮਨ ਰੂਪੀ ਬੈਲ ਨੂੰ ਬਿਰਤੀ ਰੂਪ ਡੋਰੀ ਨਾਲ ਜੋੜ ਕੇ ਸ਼ੁਭ ਗੁਣਾਂ ਰੂਪ ਜਲ ਕੱਢ ਕੇ ਨਾਮ ਰੂਪ ਖੇਤੀ ਨੂੰ ਸਿੰਜਣਾ ਕਰਾਂਗੇ ਤਾਂ ਫਿਰ ਪ੍ਰੇਮ ਰੂਪ ਅੰਕੁਰ ਤੇ ਸ਼ਰਧਾ ਰੂਪ ਲਗਰਾਂ ਪੈਦਾ ਹੋਣਗੀਆਂ। ਸਤਿ ਸੰਤੋਖ ਰੂਪ ਪੱਤੇ ਲੱਗ ਕੇ ਬ੍ਰਹਮ ਵਿਦਿਆ ਰੂਪ ਡੱਡੇ ਭਾਵ ਹਰੀਆਂ ਫਲੀਆਂ ਲਗਦੀਆਂ ਹਨ। ਆਪਣੇ ਸਰੂਪ ਦੀ ਲੱਖਤਾ ਰੂਪ ਅਨਾਜ ਪੈਦਾ ਹੁੰਦਾ ਹੈ, ਜਿਸ ਵਿੱਚ ਰਸ ਬ੍ਰਹਮਾਨੰਦ ਰੂਪ ਪੈਣਾ ਹੈ। ਜਿਸ ਨੂੰ ਧਾਰਨ ਕਰਕੇ ਜੀਵ ਪੁਣੇ ਦੀ ਅਲਪਗਤਾ ਰੂਪ ਕਮਜ਼ੋਰੀ ਦੂਰ ਹੋ ਜਾਂਦੀ ਹੈ ਅਤੇ ਬ੍ਰਹਮ ਵਿੱਚ ਅਭੇਦ ਹੋਣ ਰੂਪ ਪੁਸ਼ਟੀ ਹੋ ਆਉਂਦੀ ਹੈ। ਐਸੀ ਖੇਤੀ ਦੇ ਫਲ ਨੂੰ ਪ੍ਰਾਪਤ ਕਰਕੇ ਮਨ ਰੱਜ ਜਾਂਦਾ ਹੈ, ਭਾਵ ਕਿਸੇ ਵੀ ਸੰਸਾਰੀ ਪਦਾਰਥ ਦੀ ਇੱਛਾ ਨਹੀਂ ਰਹਿੰਦੀ।

ਯਥਾ— **ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥**
**ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥** [ਸਿਰੀਰਾਗੁ ਮਹਲਾ ੩, ਅੰਗ ੩੫]

**ਨੋਟ :—**'ਰਜਾ' ਇਹ ਪਾਠ ਅੱਧਕ ਲਾ ਕੇ ਕਰੋ ਜੀ।

ਐਸੀ ਗਿਆਨ ਦੀ ਅਵਸਥਾ ਨੂੰ ਪ੍ਰਾਪਤ ਕਰਕੇ ਹੰਕਾਰ ਤੋਂ ਬਚਣ ਲਈ ਇਸ ਪ੍ਰਕਾਰ ਬੇਨਤੀਆਂ ਕਰੇ।

## *ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਜਗਿਆਸੂ ਪ੍ਰਭ=ਮਾਲਕ ਪ੍ਰਮੇਸ਼ਰ ਦੀ ਸ਼ਰਨ ਵਿੱਚ ਆਗਤੀ=ਆਉਂਦਾ ਹੈ ਪ੍ਰਮਾਤਮਾ ਉਸ ਨੂੰ ਆਪਣੇ ਚਰਨ ਕਮਲਾਂ ਦਾ ਆਸਰਾ, ਵਾ—ਧਿਆਨ ਰੂਪ ਜਹਾਜ਼ 'ਤੇ ਸਵਾਰ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦਾ ਹੈ, ਇਸ ਕਰਕੇ ਇਸ ਪ੍ਰਕਾਰ ਦੀਨ ਮਨ ਹੋ ਕੇ ਬੇਨਤੀ ਕਰੇ ਕਿ ਹੇ ਪ੍ਰਭੂ ! ਐਸੀ ਕਿਰਪਾ ਕਰੋ ਕਿ ਆਪਣੇ ਚਰਨਾਂ ਕਮਲਾਂ ਦਾ ਧਿਆਨ ਰੂਪ, ਵਾ—ਆਸਰਾ ਰੂਪ ਬੋਹਿਥ=ਜਹਾਜ਼ ਬਖ਼ਸ਼ਣਾ ਕਰੋ। ਆਪ ਜੀ ਦੇ ਚਰਨ ਸੰਸਾਰ ਰੂਪ ਸਮੁੰਦਰ ਵਿੱਚ ਪਦਾਰਥਾਂ ਰੂਪ ਪਾਣੀ ਤੋਂ ਕਵਲ ਦੀ ਨਿਆਈਂ ਨਿਰਲੇਪ ਰਖਣ ਵਾਲੇ ਹਨ। ਜਿਨ੍ਹਾਂ ਚਰਨਾਂ ਨਾਲ ਤੁਲਸਾਂ ਦਾਸੀ ਨੇ ਕੇਵਲ ਰਸਨਾ ਸਪਰਸ਼ ਕੀਤੀ ਤੇ ਸੰਸਾਰ ਸਮੁੰਦਰ ਤੋਂ ਪਾਰ ਹੋ ਗਈ। ਸੁਲਤਾਨਪੁਰ ਵਿੱਚ ਗੁਰੂ ਨਾਨਕ ਸਾਹਿਬ ਮੋਦੀਖ਼ਾਨੇ ਦਾ ਕੰਮ ਛੱਡ ਕੇ ਕਬਰਾਂ ਵਿੱਚ ਜਾ ਬੈਠੇ, ਜਿਸ ਵੀ ਮਨੁੱਖ ਦੀ ਕਬਰ ਉਪਰ ਆਪ ਜੀ ਆਪਣਾ ਮੁਬਾਰਕ ਚਰਨ ਟਿਕਾਉਂਦੇ, ਉਸੇ ਹੀ ਜੀਵ ਦਾ ਉਧਾਰ ਕਰੀ ਜਾਂਦੇ। ਇਸੇ ਪ੍ਰਕਾਰ ਤੀਜੇ ਸਰੂਪ ਵਿੱਚ ਚਰਨਾਂ ਨਾਲ ਹੱਡੀ ਛੂਹਣ ਤੋਂ ਨਰਕਾਂ ਵਿੱਚ ਪਏ ਪਾਪੀ ਜੀਵ ਦਾ ਉਧਾਰ ਹੋਇਆ। ਐਸੇ ਆਪ ਜੀ ਦੇ ਜੋ ਚਰਨ ਜਹਾਜ਼ ਦੀ ਨਿਆਈਂ ਹਨ, ਉਨ੍ਹਾਂ ਦਾ ਆਸਰਾ ਬਖ਼ਸ਼ੋ।

PDF created with pdfFactory Pro trial version www.pdffactory.com

ਪ੍ਰਮੇਸ਼ਰ ਦੇ ਚਰਨ ਗੁਰੂਸ਼ਬਦ ਤੇ ਨਾਮ ਹਨ:

ਯਥਾ— **੧. ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥**

[ਧਨਾਸਰੀ ਮਹਲਾ ੫, ਅੰਗ ੬੮੦]

**੨. ਚਿਤ ਚਰਨ ਨਾਮ॥** [ਦਸਮ, ਅੰਗ ੯]

ਇਸ ਸਿਧਾਂਤ 'ਤੇ ਲੱਗਣ ਵਾਲੀ ਭਾਈ ਗੁਰਦਾਸ ਜੀ ਦੀ ਬਿਆਸ ਤੋਂ ਪਾਰ ਹੋਣ ਦੀ ਸਾਖੀ ਮੁਖਵਾਕ ਨੰਬਰ ੧੩੨ 'ਤੇ ਪੜ੍ਹੋ ਜੀ।

## *ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥*

ਭਾਦਰੋਂ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਉਹ ਜਗਿਆਸੂ ਨਰਕਾਂ ਵਿੱਚ ਨਹੀਂ ਪਾਏ ਜਾਣਗੇ, ਜੋ ਸਤਿਗੁਰਾਂ ਨਾਲ ਹੇਤੁ=ਪ੍ਰੇਮ ਰੱਖਣ ਵਾਲੇ ਹਨ। ਅਥਵਾ:—ਜਿਨ੍ਹਾਂ ਨੇ ਮਨੁੱਖਾ ਸਰੀਰ ਰੂਪ ਭਾਦਰੋਂ ਦੇ ਮਹੀਨੇ ਵਿੱਚ ਸਤਿਗੁਰਾਂ ਨਾਲ ਹੇਤੁ=ਪ੍ਰੇਮ ਕਰਨਾ ਕੀਤਾ ਹੈ, ਉਨ੍ਹਾਂ ਦੀ ਗੁਰੂ ਰੱਖਣ ਵਾਲਾ ਹੋ ਕੇ ਰਖਿਆ ਕਰਦਾ ਹੈ, ਫਿਰ ਉਹ ਮਾਤਾ ਦੇ ਗਰਭ ਰੂਪ ਨਰਕਾਂ ਵਿੱਚ ਨਹੀਂ ਪਾਇਆ ਜਾਂਦਾ, ਵਾ—ਜੂਨਾਂ ਰੂਪ ਨਰਕ ਵਿੱਚ ਨਹੀਂ ਪੈਂਦਾ ਤੇ ਉਸਨੂੰ ਸਤਿਗੁਰੂ ਜੀ ਵਿਸ਼ੇ ਭੋਗਣ ਰੂਪ ਨਰਕਾਂ ਤੋਂ ਵੀ ਰੱਖ ਲੈਂਦੇ ਹਨ।

ਯਥਾ— **੧. ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ॥** [ਸਿਰੀ ਮਹਲਾ ੧, ਅੰਗ ੫੪]

**੨. ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ॥** [ਮਾਰੂ ਮਹਲਾ ੧, ਅੰਗ ੧੦੧੦]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕਾ ਫ਼ਤਹਿ॥

PDF created with pdfFactory Pro trial version www.pdffactory.com